ISSN: 2584-0509



# ਪੰਜਾਬੀ ਨਾਟ-ਆਲੋਚਨਾ ਦੇ ਸਿਧਾਂਤਕ ਪਸਾਰ



ਹਰਪ੍ਰੀਤ ਕੌਰ
ਖੋਜਾਰਥੀ
ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ
hpralla@gmail.com



ਡਾ. ਭੀਮ ਇੰਦਰ ਸਿੰਘ
ਪ੍ਰੋਫੈਸਰ
ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਨਾਟਕ ਇੱਕ ਸੰਯੁਕਤ ਕਲਾ ਹੈ। ਇਹ ਆਪਣੀ ਪ੍ਰਕਿਰਤੀ ਪੱਖੋਂ ਗੁੰਝਲਦਾਰ, ਅਭਿਵਿਅਕਤੀ ਪੱਖੋਂ ਸੰਜੀਵ, ਪ੍ਰਭਾਵ ਪੱਖੋਂ ਵਿਆਪਕ ਅਤੇ ਹੋਂਦ ਪੱਖੋਂ ਸਥੂਲ ਤੇ ਸੂਖਮ ਦੋਵੇਂ ਤਰ੍ਹਾਂ ਦਾ ਪ੍ਰਭਾਵ ਸਿਰਜਦਾ ਹੈ। ਇਸ ਕਰਕੇ ਜਿੱਥੇ ਨਾਟਕ ਬਹੁਤ ਸਾਰੀਆਂ ਕਲਾਵਾਂ ਦਾ ਸਮੁੱਚ ਹੈ, ਉਸ ਤੋਂ ਜ਼ਿਆਦਾ ਸੰਵੇਦਨਸ਼ੀਲ ਤੇ ਬਹੁਪਰਤੀ ਹੈ। ਜਿੱਥੇ ਨਾਟਕ ਦਾ ਪ੍ਰਭਾਵ ਪ੍ਰਤੀਵਿਅਕਤੀ ਹੁੰਦਾ ਹੈ, ਉੱਥੇ ਰੰਗਮੰਚ ਦਾ ਪ੍ਰਭਾਵ ਸਮੂਹਿਕ ਹੁੰਦਾ ਹੈ। ਇਸੇ ਲੜੀ ਤਹਿਤ ਬਾਕੀ ਰੂਪਾਂ ਜਿਵੇਂ ਕਵਿਤਾ, ਕਹਾਣੀ, ਗਲਪ ਦੀ ਸਿਧਾਂਤਕ ਆਲੋਚਨਾ ਦੇ ਨਾਲ-ਨਾਲ ਪੰਜਾਬੀ ਨਾਟ-ਆਲੋਚਨਾ ਦੇ ਸਿਧਾਂਤਕ ਪਸਾਰ ਦਾ ਅਧਿਐਨ ਕਰਨਾ ਵੀ ਅਰਥਵਾਨ ਹੋਵੇਗਾ।

ਇੱਥੇ ਇਹ ਵੀ ਸਪੱਸ਼ਟ ਹੈ ਕਿ ਬੇਸ਼ੱਕ ਨਾਟਕ ਇੱਕ ਕਲਾਤਮਿਕ ਵਰਤਾਰਾ ਹੈ ਅਤੇ ਉਸ ਤੋਂ ਕਿਤੇ ਜ਼ਿਆਦਾ ਸੰਵੇਦਨਸ਼ੀਲ ਅਤੇ ਬਹੁਪਰਤੀ ਹੈ। ਨਾਟਕ ਦੀ ਆਲੋਚਨਾ ਗਲਪ ਆਲੋਚਨਾ ਅਤੇ ਕਾਵਿ ਆਲੋਚਨਾ ਵਾਂਗ ਇਕਹਿਰਾ ਵਰਤਾਰਾ ਨਹੀਂ ਬਲਕਿ ਨਾਟਕ ਦੀ ਆਲੋਚਨਾ ਦੀ ਪ੍ਰਕਿਰਤੀ ਵੀ ਨਾਟਕ ਦੀ ਤਰ੍ਹਾਂ ਵਧੇਰੇ ਗੁੰਝਲਦਾਰ ਤੇ ਵਿਆਪਕ ਹੈ। ਪੰਜਾਬੀ ਨਾਟਕ ਅਤੇ ਰੰਗਮੰਚ ਵਿਕਾਸ ਦੀ ਇੱਕ ਸਦੀ ਨੂੰ ਪਾਰ ਕਰ ਚੁੱਕਾ ਹੈ। ਇਸ ਦੇ ਬਾਵਜੂਦ ਪਹਿਲਾਂ ਪਹਿਲ ਨਾਟ-ਆਲੋਚਨਾ ਵਾਲਾ ਪੱਖ ਅੰਸ਼ਕ ਰੂਪ ਵਿਚ ਉਜਾਗਰ ਹੁੰਦਾ ਹੈ। ਸਾਹਿਤ ਦੀਆਂ ਹੋਰਨਾਂ ਵਿਧਾਵਾਂ ਦੇ ਮੁਕਾਬਲਤਨ ਪੰਜਾਬੀ ਨਾਟ-ਆਲੋਚਨਾ ਦੇ ਖੇਤਰ ਵੱਲ ਵਿਦਵਾਨਾਂ ਨੇ ਘੱਟ ਧਿਆਨ ਦਿੱਤਾ। ਇਸ ਬਾਰੇ ਹਰਿਭਜਨ ਸਿੰਘ ਭਾਟੀਆ ਲਿਖਦਾ ਹੈ:

"ਪੰਜਾਬੀ ਦੇ ਪ੍ਰਤੀਨਿਧ ਚਿੰਤਕਾਂ ਨੇ ਇਸ ਵਿਧਾ ਦੇ ਅਧਿਐਨ ਵੱਲ ਬਹੁਤ ਘੱਟ ਧਿਆਨ ਦਿੱਤਾ ਹੈ। ਇਹ ਵਿਧਾ ਖ਼ੁਦ ਵੀ ਆਪਣੇ ਵਿਸ਼ੇਸ਼ਗ ਚਿੰਤਕਾਂ ਨੂੰ ਜਨਮ ਨਹੀਂ ਦੇ ਸਕੀ। ਜਿਵੇਂ ਨਾਟ ਸਿਰਜਕ ਖ਼ੁਦ ਰਚਨਾ ਤੋਂ ਮਗਰੋਂ ਨਿਰਦੇਸ਼ਨ ਦਾ ਕਾਰਜ ਵੀ ਕਰਦੇ ਦਿਖਾਈ ਦੇਂਦੇ ਹਨ, ਉੱਥੇ ਨਾਲ ਹੀ ਇਸ ਪੜਾਅ ਤੋਂ ਅਗਾਂਹ ਸਰਕ ਕੇ ਉਨ੍ਹਾਂ ਨੂੰ ਨਾਟ-ਚਿੰਤਨ ਅਤੇ ਇਤਿਹਾਸਕਾਰੀ ਦੀ ਜ਼ਿੰਮੇਵਾਰੀ ਵੀ ਨਿਭਾਉਣੀ ਪੈ ਰਹੀ ਹੈ।"[1]

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਨਾਟ-ਆਲੋਚਨਾ ਉਨ੍ਹਾਂ ਨਾਟਕਕਾਰਾਂ, ਰੰਗਕਰਮੀਆਂ, ਨਾਟ-ਆਲੋਚਕਾਂ ਦੁਆਰਾ ਕੀਤੀ ਗਈ ਹੈ, ਜਿਹੜੇ ਨਾਟਕ ਅਤੇ ਰੰਗਮੰਚ

ਨਾਲ ਸੰਬੰਧ ਰੱਖਦੇ ਹਨ। ਇਸ ਤੋਂ ਬਿਨਾਂ ਕੁਝ ਪ੍ਰਮੁੱਖ ਆਲੋਚਕ ਵੀ ਹਨ, ਜਿਨ੍ਹਾਂ ਨੇ ਨਾਟ-ਆਲੋਚਨਾ ਬਾਰੇ ਜ਼ਿਆਦਾ ਤਾਂ ਨਹੀਂ ਪਰ ਇੱਕ-ਅੱਧਾ ਆਰਟੀਕਲ ਲਿਖਿਆ ਹੈ। ਇਨ੍ਹਾਂ ਚਿੰਤਕਾਂ ਵਿਚ ਅਤਰ ਸਿੰਘ, ਹਰਿਭਜਨ ਸਿੰਘ, ਜਸਬੀਰ ਸਿੰਘ ਆਹਲੂਵਾਲੀਆ ਆਦਿ ਦੇ ਨਾਂ ਜ਼ਿਕਰਯੋਗ ਹਨ। ਨਾਟਕਕਾਰ ਆਲੋਚਕਾਂ ਵਿਚ ਗੁਰਦਿਆਲ ਸਿੰਘ ਫੁੱਲ, ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ, ਹਰਸਰਨ ਸਿੰਘ ਆਦਿ ਤੇ ਨਾਟਕ ਦੇ ਵਿਸ਼ੇਸ਼ ਆਲੋਚਕਾਂ ਵਿਚ ਨਵਨਿੰਦਰਾ ਬਹਿਲ, ਕਮਲੇਸ਼ ਉੱਪਲ, ਆਤਮਜੀਤ, ਸਤੀਸ਼ ਕੁਮਾਰ ਵਰਮਾ, ਕੁਲਦੀਪ ਸਿੰਘ ਧੀਰ, ਪਾਲੀ ਭੁਪਿੰਦਰ, ਡਾ. ਰਾਜਿੰਦਰ ਲਹਿਰੀ ਆਦਿ ਨੂੰ ਰੱਖਿਆ ਜਾ ਸਕਦਾ ਹੈ, ਜਿਹੜੇ ਪਿਛਲੇ ਡੇਢ-ਦੋ ਦਹਾਕਿਆਂ ਤੋਂ ਉੱਭਰ ਕੇ ਸਾਹਮਣੇ ਆਏ ਹਨ।

ਪੰਜਾਬੀ ਨਾਟ-ਆਲੋਚਨਾ ਦੇ ਪਿਛੋਕੜ ਨੂੰ ਜਾਣਨ ਲਈ ਪੰਜਾਬੀ ਨਾਟਕ ਦੇ ਇਤਿਹਾਸ ਵਾਂਗ ਪੰਜਾਬੀ ਨਾਟ-ਆਲੋਚਨਾ ਦੇ ਇਤਿਹਾਸਕ ਪਸਾਰ ਨੂੰ ਵੀ ਪੜਾਵਾਂ ਵਿਚ ਵੰਡਿਆ ਜਾ ਸਕਦਾ ਹੈ। ਇਹ ਪੜਾਅ ਪੰਜਾਬੀ ਨਾਟ-ਲੇਖਣ ਦੇ ਸਮਾਨਾਂਤਰ ਹੀ ਅਰਥਵਾਨ ਹਨ ਕਿਉਂਕਿ ਸ਼ੁਰੂਆਤੀ ਦੌਰ ਤੋਂ ਲੈ ਕੇ ਹੁਣ ਤੱਕ ਮੁੱਖ ਰੂਪ ਵਿਚ ਨਾਟਕਕਾਰ ਹੀ ਨਾਟ-ਆਲੋਚਕ ਰਹੇ ਭਾਵ ਪੰਜਾਬੀ ਨਾਟ-ਲੇਖਣ ਦੇ ਸਮਾਨਾਂਤਰ ਹੀ ਨਾਟ-ਆਲੋਚਨਾ ਕਾਰਜਸ਼ੀਲ ਰਹੀ:

1. ਪਹਿਲਾ ਪੜਾਅ (1913 ਤੋਂ 1947 ਤੱਕ)
2. ਦੂਜਾ ਪੜਾਅ (1947 ਤੋਂ 1975 ਤੱਕ)
3. ਤੀਜਾ ਪੜਾਅ (1975 ਤੋਂ 1990 ਤੱਕ)
4. ਚੌਥਾ ਪੜਾਅ (1990 ਤੋਂ ਬਾਅਦ)

## ਪੰਜਾਬੀ ਨਾਟ-ਆਲੋਚਨਾ ਦਾ ਆਰੰਭ: ਇੱਕ ਪੁਨਰ-ਵਿਚਾਰ

ਆਧੁਨਿਕ ਪੰਜਾਬੀ ਨਾਟਕ ਦਾ ਪਹਿਲਾ ਪੜਾਅ ਆਈ. ਸੀ. ਨੰਦਾ ਦੇ ਇਕਾਂਗੀ ਦੁਲਹਨ (1913) ਤੋਂ ਮੰਨਿਆ ਜਾਂਦਾ ਹੈ ਪਰ ਇਹ ਸਮਾਂ ਇਕੱਲਾ ਨਾਟ ਕਲਾ ਦੀ ਸਿਰਜਣਾ ਨਾਲ ਸੰਬੰਧਿਤ ਨਹੀਂ ਸੀ ਬਲਕਿ ਇਸ ਸਮੇਂ ਨਾਟ-ਲੇਖਣ ਦੇ ਨਾਲ-ਨਾਲ ਨਾਟ-ਖੋਜ, ਨਾਟ-ਆਲੋਚਨਾ ਤੇ ਨਾਟ ਦੀ ਇਤਿਹਾਸਕਾਰੀ ਵੀ ਮੁੱਢਲੇ ਰੂਪ ਵਿਚ ਹੋਣ ਲੱਗ ਪਈ ਸੀ। ਸਤੀਸ਼ ਕੁਮਾਰ ਵਰਮਾ ਅਨੁਸਾਰ, "ਪੰਜਾਬੀ ਨਾਟਕ ਦੀ ਰਚਨਾ ਅਤੇ ਆਲੋਚਨਾ ਨਾਲੋ-ਨਾਲ ਚੱਲਦੇ ਹਨ।"[2] ਹਿੰਦੀ ਵਿਦਵਾਨ ਕੈਲਾਸ਼ ਨਾਥ ਪਾਂਡੇ ਆਲੋਚਨਾ ਬਾਰੇ ਲਿਖਦਾ ਹੈ ਕਿ ਭਾਰਤੇਂਦੂ ਯੁੱਗ ਵਿਚ ਗੱਦ ਦੇ ਵਿਭਿੰਨ ਅੰਗਾਂ ਦੇ ਨਾਲ-ਨਾਲ ਆਲੋਚਨਾ ਵੀ ਨਵਾਂ ਰੂਪ

ਧਾਰਨ ਕਰ ਕੇ ਅੱਗੇ ਵਧਦੀ ਹੈ, ਉਸ ਦੇ ਸਰੂਪ ਅਤੇ ਪ੍ਰਕਾਰਾਂ ਵਿਚ ਨਵੇਂ ਤੱਤਾਂ ਦਾ ਸਮਾਵੇਸ਼ ਹੁੰਦਾ ਹੈ, ਸਾਹਿਤ ਦੇ ਵਿਵੇਚਨ ਵਿਚ ਬੌਧਿਕਤਾ ਦੀ ਪ੍ਰਧਾਨਤਾ ਹੋ ਗਈ, ਨਾਵਲ, ਕਹਾਣੀ, ਨਿਬੰਧ, ਨਾਟਕ ਆਦਿ ਦੇ ਪ੍ਰਚਾਰ ਦੇ ਨਾਲ-ਨਾਲ ਉਹਨਾਂ ਦੀ ਆਲੋਚਨਾ ਵੀ ਹੋਣ ਲੱਗੀ ਅਤੇ ਇਸ ਨਵੀਨ ਆਲੋਚਨਾ ਦੇ ਵਿਕਾਸ ਵਿਚ ਸਮਕਾਲੀ ਪੱਤਰ-ਪੱਤ੍ਰਿਕਾਵਾਂ ਦਾ ਪੂਰਾ ਯੋਗਦਾਨ ਰਿਹਾ।[3] ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਨਾਟ-ਲੇਖਣ ਤੇ ਉਸ ਦੀ ਆਲੋਚਨਾ ਦੋਵੇਂ ਨਾਲੋ-ਨਾਲ ਚੱਲਦੇ ਹਨ।

ਪੰਜਾਬੀ ਨਾਟ-ਆਲੋਚਨਾ ਕਦੋਂ ਸ਼ੁਰੂ ਹੋਈ? ਇਸ ਸੰਬੰਧੀ ਪ੍ਰਚਲਿਤ ਧਾਰਨਾ ਮੁਤਾਬਿਕ ਪੰਜਾਬੀ ਨਾਟ-ਆਲੋਚਨਾ/ਇਤਿਹਾਸ ਦੇ ਯਤਨ ਪ੍ਰੋ. ਪਿਆਰਾ ਸਿੰਘ ਗਿੱਲ ਅਤੇ ਐਲ. ਐਸ. ਕੇਹਰ ਸਿੰਘ ਅਜੀਤ ਹੇੜੀਆ ਦੀ ਰਚਨਾ ਨਾਟਕ ਰਤਨਾਕਰ ਤੋਂ 1933 ਈ. ਵਿਚ ਆਰੰਭ ਹੋਏ ਮੰਨੇ ਜਾਂਦੇ ਹਨ। ਪਰ ਹਰਿਭਜਨ ਸਿੰਘ ਭਾਟੀਆ ਇਸ ਤੋਂ ਵੀ ਪਹਿਲਾਂ ਮੋਹਨ ਸਿੰਘ ਦੀਵਾਨਾ ਦੇ ਇਕਾਂਗੀ-ਸੰਗ੍ਰਹਿ ਪੰਖੜੀਆਂ (1928) ਤੋਂ ਨਾਟ-ਆਲੋਚਨਾ ਦੀ ਸ਼ੁਰੂਆਤ ਨੂੰ ਸਵੀਕਾਰ ਕਰਦਾ ਹੈ:

ਉਸ ਨੇ ਪੰਖੜੀਆਂ ਪੁਸਤਕ ਦੀ ਕਰੀਬ ਤੀਹ ਪੰਨਿਆਂ ਉੱਪਰ ਫੈਲੀ ਭੂਮਿਕਾ ਵਿਚ ਇਸ ਨਵੇਂ ਰੂਪ ਨੂੰ ਪਰਿਭਾਸ਼ਤ ਕਰਨ ਦੇ ਨਾਲ-ਨਾਲ ਨਾਟਕ ਦੇ ਸੰਕਲਪ, ਇਤਿਹਾਸ, ਇਸ ਦੇ ਤੱਤ ਅਤੇ ਪੱਛਮੀ ਨਾਟਕ ਸੰਬੰਧੀ ਵੀ ਚਰਚਾ ਆਰੰਭ ਕੀਤੀ। ਇੰਜ ਉਸ ਸਿਰਜਣਾ ਦੇ ਨਾਲ-ਨਾਲ ਸਿਧਾਂਤਕਾਰੀ ਦਾ ਕਾਰਜ ਕਰ ਕੇ ਇਸ ਖੇਤਰ ਵਿਚ ਇੱਕ ਨਵੀਂ ਪਿਰਤ ਪਾਈ।[4]

ਪਰ ਨਾਟ-ਆਲੋਚਨਾ ਸੰਬੰਧੀ ਅਧਿਐਨ ਦੌਰਾਨ ਬਾਵਾ ਬੁਧ ਸਿੰਘ ਦਾ ਨਾਟਕ ਮੁੰਦਰੀ ਛਲ ਪ੍ਰਾਪਤ ਹੋਇਆ ਜੋ ਕਿ ਮਿਤੀਹੀਣ ਹੈ ਪਰ ਇਸ ਦੇ ਮੁੱਖ-ਬੰਦ ਅਤੇ ਪੰਜਾਬੀ ਸਾਹਿਤ ਦੇ ਇਤਿਹਾਸ ਅਨੁਸਾਰ ਬਾਵਾ ਬੁਧ ਸਿੰਘ ਨੇ ਇਹ 1927 ਵਿਚ ਲਿਖਿਆ ਹੈ। ਇਸ ਨਾਟਕ ਦੇ ਆਖੀਰ ’ਤੇ 23 ਪੰਨਿਆਂ ਉੱਤੇ ਨਾਟਕ ਸੰਬੰਧੀ ਮੁੱਢਲੇ ਪੱਧਰ ਦੀ ਨਾਟ-ਆਲੋਚਨਾ ਨੂੰ ਦੇਖਿਆ ਜਾ ਸਕਦਾ ਹੈ, ਜਿਸ ਵਿਚ ਨਾਟਕ ਕੀ ਹੈ? ਨਾਟਕ ਸੰਬੰਧੀ ਜ਼ਰੂਰੀ ਹਦਾਇਤਾਂ, ਨਾਟਕੀ ਸਿਧਾਂਤ, ਪਲਾਟ, ਨਾਇਕ/ਨੇਤਾ, ਵਾਰਤਾਲਾਪ/ਸੰਵਾਦ, ਨਾਟਕ ਦੀ ਬੋਲੀ, ਰੰਗਭੂਮੀ ਤੇ ਸੀਨਰੀ ਆਦਿ ਬਾਰੇ ਚਰਚਾ ਭਾਰਤੀ ਅਤੇ ਪੱਛਮੀ ਨਾਟ-ਸਿਧਾਂਤ ਨੂੰ ਆਧਾਰ ਬਣਾ ਕੇ ਕੀਤੀ ਗਈ ਹੈ। ਨਾਟਕ ਦੇ ਸੰਕਲਪ ਸੰਬੰਧੀ ਬਾਵਾ ਬੁਧ ਸਿੰਘ ਦੀ ਧਾਰਨਾ ਹੈ:

ਨਾਟਕ ਸਵਾਂਗ ਦਾ ਨਾਂ ਹੈ, ਨਕਲ ਉਤਾਰਨ ਦਾ ਨਾਂ ਹੈ। ਪਰ ਨਕਲ ਜਿਸਮਾਨੀ ਤੇ ਮਾਨਸਿਕ ਹਰਕਤਾਂ (ਕਰਮਾਂ) ਦੀ ਹੋਵੇ। ਨਿਰੀ ਨਕਲ ਨਾਟਕ ਨਹੀਂ, ਜੀਕਨ ਬਹੁਰੂਪੀਆ ਸਿਪਾਹੀ ਦਾ ਸਾਂਗ ਬਣ ਬੈਠੇ। ਪਰ ਜਦ ਉਹ ਸਿਪਾਹੀ ਬਣ ਕੇ ਸਿਪਾਹੀ ਦੇ ਕੰਮਾਂ ਦੀ ਵੀ ਨਕਲ ਉਤਾਰੇ ਤੇ ਨਾਲ ਈ ਉਸ ਕਰਮ (ਹਰਕਤਾਂ) ਤੋਂ ਵੇਖਣ ਵਾਲਿਆਂ ਦੇ ਦਿਲਾਂ 'ਤੇ ਕੁਝ ਅਸਰ ਪੈਦਾ ਕਰਨ ਦਾ ਯਤਨ ਹੋਵੇ ਤਾਂ ਇਹ ਨਾਟਕ ਹੋ ਗਿਆ।[5]

ਉਪਰੋਕਤ ਚਰਚਾ ਉਪਰੰਤ ਅਸੀਂ ਇਹ ਕਹਿ ਸਕਦੇ ਹਾਂ ਕਿ ਪੰਜਾਬੀ ਨਾਟ-ਆਲੋਚਨਾ ਦੀ ਸ਼ੁਰੂਆਤ ਬਾਵਾ ਬੁੱਧ ਸਿੰਘ ਦੇ ਨਾਟਕ **ਮੁੰਦਰੀ ਛਲ** ਤੋਂ ਹੋ ਚੁੱਕੀ ਸੀ। ਇਸ ਨੂੰ ਸ਼ੁਰੂਆਤੀ ਦੌਰ ਦੀ ਨਾਟ-ਆਲੋਚਨਾ ਆਖਿਆ ਜਾ ਸਕਦਾ ਹੈ। ਇਸ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਨਾਟ-ਆਲੋਚਨਾ ਪਹਿਲਾਂ ਪਹਿਲ ਨਾਟਕਾਂ ਦੀਆਂ ਭੂਮਿਕਾਵਾਂ, ਮੁੱਖ-ਬੰਦਾਂ, ਸਰਵਰਕ, ਆਰਟੀਕਲਾਂ ਆਦਿ ਰੂਪ ਵਿਚ ਕੀਤੀ ਜਾਂਦੀ ਸੀ।

**ਪਹਿਲਾ ਦੌਰ (1913–1947)**

ਬੇਸ਼ੱਕ ਪੰਜਾਬੀ ਨਾਟਕ ਬਾਰੇ ਇੱਕ ਵਿਸਤ੍ਰਿਤ ਕਿਸਮ ਦੀ ਆਲੋਚਨਾ ਪੁਸਤਕ 1933 ਵਿਚ ਨਾਟਕ ਰਤਨਾਕਰ ਹੀ ਉੱਭਰ ਕੇ ਸਾਹਮਣੇ ਆਉਂਦੀ ਹੈ ਪਰ ਅਸੀਂ ਮੁੰਦਰੀ ਛਲ ਵਿਚ ਦਿੱਤੀ ਨਾਟ-ਆਲੋਚਨਾ ਸੰਬੰਧੀ ਚਰਚਾ ਨੂੰ ਅਣਡਿੱਠਾ ਨਹੀਂ ਕਰ ਸਕਦੇ। ਪੰਜਾਬੀ ਨਾਟ-ਆਲੋਚਨਾ ਦੇ ਸੰਬੰਧ ਵਿਚ ਸਭ ਤੋਂ ਪਹਿਲੀ ਪੁਸਤਕ ਨਾਟਕ ਰਤਨਾਕਰ ਮੰਨੀ ਜਾਂਦੀ ਹੈ ਜੋ 1933 ਈ. ਵਿਚ ਛਪੀ। ਇਹ ਪੁਸਤਕ ਦੋ ਲੇਖਕਾਂ ਪਿਆਰਾ ਸਿੰਘ ਗਿੱਲ ਅਤੇ ਐਲ. ਐਸ. ਕੇਹਰ ਸਿੰਘ ਅਜੀਤ ਹੇੜੀਆ ਦਾ ਸਾਂਝਾ ਯਤਨ ਹੈ। ਪੁਸਤਕ ਦੇ 476 ਪੰਨੇ ਹਨ ਜੋ ਨਾਟਕ ਸਿਧਾਂਤ ਅਤੇ ਆਲੋਚਨਾ ਨਾਲ ਸੰਬੰਧਿਤ ਹਨ। 1933 ਈ. ਤੱਕ ਪੰਜਾਬੀ ਵਿਚ ਥੋੜ੍ਹੇ ਜਿਹੇ ਰਚੇ ਨਾਟਕੀ ਸਾਹਿਤ ਬਾਰੇ ਇਹ ਪ੍ਰਥਮ ਪੁਸਤਕ ਇੱਕ ਮੌਲਿਕ ਅਤੇ ਸੁਹਿਰਦ ਯਤਨ ਵਜੋਂ ਲਿਖੀ ਗਈ ਹੈ। ਇਸ ਮੁੱਢਲੀ ਰਚਨਾ ਦਾ ਸੰਬੰਧ ਕੇਵਲ ਇਸ ਦੇ ਲੇਖਣ ਨਾਲ ਹੀ ਨਹੀਂ ਸਗੋਂ ਵਧੇਰੇ ਕਰਕੇ ਨਾਟਕ ਦੀ ਵਿਧਾ ਨਾਲ ਜਾਣ-ਪਛਾਣ ਕਰਵਾਉਣਾ ਸੀ। ਇਸ ਪੁਸਤਕ ਵਿਚ ਨਾਟਕ ਦੀ ਪਰਿਭਾਸ਼ਾ, ਨਾਟਕ ਦੀ ਉਤਪਤੀ, ਸੰਸਾਰ ਦੇ ਵੱਖ-ਵੱਖ ਦੇਸ਼ਾਂ ਦੇ ਨਾਟਕਾਂ ਦਾ ਇਤਿਹਾਸ, ਭਾਰਤੀ ਨਾਟ-ਪਰੰਪਰਾ, ਪੰਜਾਬੀ ਵਿਚ ਨਾਟਕ ਦਾ ਮੁੱਢ, ਪੰਜਾਬੀ ਨਾਟਕ ਦਾ ਇਤਿਹਾਸ ਆਦਿ ਬਾਰੇ ਵਿਆਪਕ ਚਰਚਾ ਕੀਤੀ ਗਈ ਹੈ। ਨਾਟਕ ਬਾਰੇ ਭਾਰਤੀ ਅਤੇ ਪੱਛਮੀ ਸਿਧਾਂਤਾਂ ਨੂੰ ਧਿਆਨ ਵਿਚ ਰੱਖ ਕੇ

ਮੌਲਿਕ ਵਿਆਖਿਆਵਾਂ ਦਿੱਤੀਆਂ ਹਨ। ਇਹਨਾਂ ਲੇਖਕਾਂ ਦੁਆਰਾ ਨਾਟਕ ਦੇ ਸਿਧਾਂਤ ਬਾਰੇ ਚਰਚਾ ਕਰਦਿਆਂ ਇਸ ਦੇ ਛੇ ਤੱਤ ਮੰਨੇ ਗਏ ਹਨ:

ਨਾਟਕ ਇੱਕ ਮਿਸ਼ਰਤ ਹੁਨਰ ਹੈ। ਜਿਨ੍ਹਾਂ ਚੀਜ਼ਾਂ ਤੋਂ ਮਿਸ਼ਰਤ ਹੋ ਕੇ ਨਾਟਕ ਦਾ ਰੂਪ ਪੂਰਨ ਹੁੰਦਾ ਹੈ, ਉਹਨਾਂ ਨੂੰ ਨਾਟਕੀ ਤੱਤ ਕਿਹਾ ਜਾਂਦਾ ਹੈ। ਇਹ ਛੀ ਹਨ—ਮੰਤਵ, ਪਲਾਟ, ਪਾਤਰ, ਬੋਲਚਾਲ, ਦੇਸ਼ਕਾਲ ਅਤੇ ਰਚਨਾ ਚਮਤਕਾਰ।[6]

ਉਪਰੋਕਤ ਨਾਟਕ ਦੇ ਨਿਰਮਾਣ ਕਰਨ ਵਾਲੇ ਤੱਤਾਂ ਸੰਬੰਧੀ ਲੇਖਕਾਂ ਦੇ ਵਿਚਾਰ ਨਾਟਕ ਦੇ ਲਿਖਤ-ਪਾਠ (ਸਾਹਿਤਕ ਕਿਰਤ) ਨੂੰ ਉਭਾਰ ਰਹੇ ਹਨ, ਜਦਕਿ ਨਾਟਕ ਇਕੱਲਾ ਸਾਹਿਤਕ ਕਿਰਤ ਤੱਕ ਸੀਮਤ ਕਲਾ ਨਹੀਂ। ਨਾਟਕ ਨੂੰ ਸਾਹਿਤ ਨਾਲੋਂ ਵੱਖਰਤਾ ਪ੍ਰਦਾਨ ਕਰਨ ਵਾਲੇ ਪੱਖ ਦ੍ਰਿਸ਼-ਵਿਧਾਨ ਨੂੰ ਤੱਤ ਵਜੋਂ ਨਹੀਂ ਲਿਆ ਗਿਆ। ਪਰ ਲੇਖਕਾਂ ਨੇ ਨਾਟਕ ਦੇ ਰੰਗਮੰਚ ਵਾਲੇ ਪੱਖ ’ਤੇ ਪੁਸਤਕ ਵਿਚ ਵੱਖਰੇ ਤੌਰ ’ਤੇ ਚਰਚਾ ਕੀਤੀ ਹੈ।

ਆਲੋਚਕਾਂ ਦੁਆਰਾ ਪੰਜਾਬੀ ਨਾਟਕ ਦਾ ਮੁੱਢ ਬਚਿਤ੍ਰ ਨਾਟਕ ਤੋਂ ਮੰਨਿਆ ਹੈ ਤੇ ਭਾਰਤੀ ਨਾਟ-ਪੱਧਤੀ ਵਿਚ ਦ੍ਰਿਸ਼ਟਾਂਤ ਦੇ ਕੇ ਸਾਬਿਤ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਰਚਿਤ ਬਚਿਤ੍ਰ ਨਾਟਕ ਭਾਰਤੀ ਨਾਟ-ਪਰੰਪਰਾ ਦੇ ਨਾਟਕ ਰੂਪ ‘ਭਾਣ’ ਵਰਗੀ ਕਿਰਤ ਹੈ। ਇਹ ਪੁਸਤਕ ਨਾਟਕ ਦੀ ਇਤਿਹਾਸਕਾਰੀ ਦਾ ਮੁੱਢਲਾ ਉਪਰਾਲਾ ਵੀ ਸੀ, ਜਿਸ ਦੇ ਦੋ ਮੁੱਖ ਉਦੇਸ਼ ਸਨ: ਨਾਟਕ ਬਾਰੇ ਜਾਣਕਾਰੀ ਦੇਣਾ ਅਤੇ ਪੰਜਾਬੀ ਨਾਟਕ ਨੂੰ ਕਿਸੇ ਕ੍ਰਮ ਵਿਚ ਰੱਖਣਾ। ਪੰਜਾਬੀ ਨਾਟਕ ਨੂੰ ਤਿੰਨ ਕਾਲਾਂ—ਪੁਰਾਤਨ ਸਮਾਂ, ਨਵੀਨ ਸਮਾਂ ਅਤੇ ਵਰਤਮਾਨ ਸਮੇਂ—ਵਿਚ ਵੰਡਿਆ ਗਿਆ ਹੈ। ਪੁਰਾਤਨ ਸਮੇਂ ਵਿਚ ਬਚਿਤ੍ਰ ਨਾਟਕ ਤੇ ਸੰਤ ਗੁਲਾਬ ਸਿੰਘ ਵੱਲੋਂ ਸੰਸਕ੍ਰਿਤ ਨਾਟਕ ਪ੍ਰਬੋਧ ਚੰਦਰ ਦਾ ਅਨੁਵਾਦ ਹੈ। ਨਵੀਨ ਸਮੇਂ ਵਿਚ ਗਿਆਨੀ ਦਿਤ ਸਿੰਘ, ਡਾ. ਚਰਨ ਸਿੰਘ, ਭਾਈ ਵੀਰ ਸਿੰਘ, ਅਰੂੜ ਸਿੰਘ ਤਾਇਬ, ਮਾਨ ਸਿੰਘ, ਬ੍ਰਿਜ ਲਾਲ ਸ਼ਾਸਤਰੀ, ਬਾਵਾ ਬੁੱਧ ਸਿੰਘ, ਕਿਰਪਾ ਸਾਗਰ, ਪ੍ਰੋ. ਈਸ਼ਵਰ ਚੰਦਰ ਨੰਦਾ ਤੇ ਬਲਵੰਤ ਸਿੰਘ ਨੂੰ ਰੱਖਿਆ ਗਿਆ ਹੈ, ਜਦਕਿ ਵਰਤਮਾਨ ਸਮੇਂ ਵਿਚ ਗਿਆਨੀ ਸੁਜਾਨ ਸਿੰਘ, ਗਿਆਨੀ ਗੁਰਬਖਸ਼ ਸਿੰਘ ਬੈਰਿਸਟਰ, ਨਰੈਣ ਸਿੰਘ, ਗੁਰਬਖਸ਼ ਸਿੰਘ ਨੈਰੰਗ, ਬੇਦੀ ਕਾਕਾ ਸਿੰਘ, ਮੇਹਰ ਸਿੰਘ ਮੇਹਰ ਆਦਿ ਨਾਟਕਕਾਰਾਂ ਨੂੰ ਰੱਖਿਆ ਗਿਆ ਹੈ। ਇਸ ਵਿਚ ਨਾਟਕਕਾਰਾਂ ਦੀ ਚਰਚਾ ਵਾਕਫ਼ੀਅਤ ਕਰਵਾਉਣ ਦੇ ਉਦੇਸ਼ ਤੋਂ ਕੀਤੀ ਗਈ ਹੈ ਅਤੇ ਇਸੇ ਲਈ ਆਲੋਚਨਾਤਮਿਕ ਵਿਸ਼ਲੇਸ਼ਣ ਵਾਲੀ ਪਹੁੰਚ ਦਾ ਅਭਾਵ ਹੈ। ਇਸ ਦਾ ਕਾਰਨ ਨਾਟਕ ਦਾ ਆਰੰਭਕ ਪੜਾਅ ਵਿਚ ਹੋਣਾ, ਰੰਗਮੰਚ ਦਾ ਅਵਿਕਸਿਤ

ਹੋਣਾ, ਨਾਟਕ ਸੰਬੰਧੀ ਵਿਦਵਤਾ ਦਾ ਅਭਾਵ ਤੇ ਪੰਜਾਬੀ ਨਾਟਕਾਂ ਨੂੰ ਇਤਿਹਾਸਕ ਤਰਤੀਬ ਵਿਚ ਰੱਖਣ ਦੀ ਮੁੱਢਲੀ ਲੋੜ ਸੀ।[7] ਇਸ ਪੁਸਤਕ ਦਾ ਅੱਧਾ ਭਾਗ (221 ਪੰਨੇ) ਨਾਟਕ ਦੀ ਵਿਧਾ ਨਾਲ ਸੰਬੰਧਿਤ ਹੈ, ਬਾਅਦ ਵਿਚ ਪੰਜਾਬੀ ਨਾਟਕ ਦੀ ਗੱਲ ਤੁਰਦੀ ਹੈ। ਪਹਿਲੇ ਦੌਰ ਦੀ ਪੰਜਾਬੀ ਨਾਟ-ਆਲੋਚਨਾ ਵਿਚ ਨਾਟਕੀ ਤੱਤਾਂ ਸੰਬੰਧੀ ਵਿਦਵਾਨਾਂ ਨੇ ਭਾਰਤੀ ਅਤੇ ਪੱਛਮੀ ਨਾਟ-ਸਿਧਾਂਤਾਂ ਨੂੰ ਆਧਾਰ ਬਣਾ ਆਪਣੀਆਂ ਧਾਰਨਾਵਾਂ ਦਿੱਤੀਆਂ ਹਨ। ਇਸ ਸਮੇਂ ਜ਼ਿਆਦਾਤਰ ਆਲੋਚਨਾ ਪ੍ਰਸ਼ੰਸਾਤਮਿਕ ਅਤੇ ਲਿਖਤ-ਪਾਠ ਨੂੰ ਆਧਾਰ ਬਣਾ ਕੇ ਕੀਤੀ ਗਈ ਹੈ।

**ਦੂਜਾ ਦੌਰ (1947–1975)**

1933 ਈ. ਤੋਂ ਬਾਅਦ ਪੰਜਾਬੀ ਨਾਟ-ਆਲੋਚਨਾ ਦੇ ਖੇਤਰ ਵਿਚ ਕਾਫ਼ੀ ਲੰਮਾ ਅਰਸਾ ਚੁੱਪ ਪਸਰੀ ਰਹੀ। ਇਸ ਚੁੱਪੀ ਉਪਰੰਤ ਰੋਸ਼ਨ ਲਾਲ ਆਹੂਜਾ ਅਤੇ ਗੁਰਦਿਆਲ ਸਿੰਘ ਫੁੱਲ ਦੀ ਪੁਸਤਕ ਆਧੁਨਿਕ ਪੰਜਾਬੀ ਨਾਟਕ (ਭਾਗ ਪਹਿਲਾ) ਛਪੀ, ਜਿਸ ਦਾ ਉਪ-ਸਿਰਲੇਖ 'ਦੁਖਾਂਤ ਅਤੇ ਸਮੱਸਿਆ ਨਾਟਕ' ਲਿਖਿਆ ਗਿਆ ਹੈ। ਇਸ ਪੁਸਤਕ ਵਿਚ ਪੱਛਮੀ ਆਲੋਚਨਾ ਸਿਧਾਂਤ ਦੁਖਾਂਤ ਦੀ ਪਰੰਪਰਾ ਦਾ ਇਤਿਹਾਸ ਦਿੱਤਾ ਗਿਆ ਹੈ। ਅਰਸਤੂ ਦੀ ਵਿਆਖਿਆ, ਪ੍ਰਾਚੀਨ ਯੂਨਾਨੀ ਦੁਖਾਂਤ ਪਰੰਪਰਾ ਅਤੇ ਸ਼ੈਕਸਪੀਅਰ ਦੇ ਰੋਮਾਂਟਿਕ ਦੁਖਾਂਤਾਂ ਦੀ ਵਿਆਖਿਆ ਕੀਤੀ ਗਈ ਹੈ। ਅੰਤ ਵਿਚ ਅਰਸਤੂ ਦੇ ਲਗਭਗ ਸਾਰੇ ਕਾਵਿ-ਸ਼ਾਸਤਰ ਪੋਇਟਿਕਸ ਦਾ ਪੰਜਾਬੀ ਅਨੁਵਾਦ ਦਿੱਤਾ ਗਿਆ ਹੈ। ਨਾਟਕ ਦੇ ਤੱਤਾਂ ਅਤੇ ਤਿੰਨ ਏਕਤਾਵਾਂ ਦੀ ਵਿਆਖਿਆ ਕਰਦਿਆਂ ਹੌਰੇਸ, ਹੀਗਲ, ਸ਼ਪਨਹਾਰ, ਨਿਕਲ ਆਦਿ ਦੇ ਸਿਧਾਂਤਾਂ ਦੀ ਵਰਤੋਂ ਕੀਤੀ ਗਈ ਹੈ, ਤੇ ਨਾਲ ਹੀ ਪੰਜਾਬੀ ਦੇ ਲਗਭਗ 60 ਦੁਖਾਂਤ ਇਕਾਂਗੀਆਂ ਦੀ ਸੂਚੀ ਵੀ ਦਿੱਤੀ ਗਈ ਹੈ।

ਮੁੱਢਲੀ ਪੰਜਾਬੀ ਨਾਟ-ਆਲੋਚਨਾ ਵਿਚ ਗੁਰਚਰਨ ਸਿੰਘ ਦੀ ਪੁਸਤਕ ਪੰਜਾਬੀ ਨਾਟਕਕਾਰ (1951) ਵਿਚਾਰਨਯੋਗ ਹੈ। ਇਸ ਪੁਸਤਕ ਵਿਚ ਵੀ ਨਾਟਕ ਦੀ ਵਿਆਖਿਆ, ਨਾਟਕ ਦਾ ਇਤਿਹਾਸ, ਨਾਟਕ ਦੇ ਸਿਧਾਂਤ, ਨਾਟਕ ਦੇ ਪ੍ਰਕਾਰ, ਰੰਗਭੂਮੀ, ਸੰਸਕ੍ਰਿਤ ਨਾਟਕ ਤੇ ਨਾਟਕਕਾਰਾਂ ਦਾ ਅਧਿਐਨ ਕੀਤਾ ਗਿਆ ਹੈ। ਗੁਰਚਰਨ ਸਿੰਘ ਨੇ ਭਾਰਤੀ ਤੇ ਪੱਛਮੀ ਸਿਧਾਂਤਾਂ ਦਾ ਤੁਲਨਾਤਮਿਕ ਅਧਿਐਨ ਕੀਤਾ ਹੈ। ਇਸ ਤੋਂ ਪਹਿਲਾਂ ਛਪੀ ਪੁਸਤਕ 'ਆਧੁਨਿਕ ਪੰਜਾਬੀ ਨਾਟਕ' ਦੇ ਮੁਕਾਬਲੇ ਇਹ ਵਧੇਰੇ ਮੌਲਿਕ ਅਤੇ ਵਿਆਖਿਆਤਮਿਕ ਪ੍ਰਯਤਨ ਹੈ। ਇਸ ਦਾ ਸਿਧਾਂਤਕ ਆਧਾਰ ਭਾਰਤੀ ਨਾਟ-ਪਰੰਪਰਾ ਹੈ।

ਨਾਟਕ ਵੱਲ ਇਸ ਦੀ ਮੁੱਢਲੀ ਪਹੁੰਚ ਦੀ ਵਡਿਆਈ ਇਹ ਹੈ ਕਿ ਨਾਟਕ ਨੂੰ ਦ੍ਰਿਸ਼-ਕਾਵਿ ਜਾਂ ਦ੍ਰਿਸ਼-ਸਾਹਿਤ ਕਰਕੇ ਜਾਣਿਆ ਗਿਆ ਹੈ।[8] ਇਸ ਦੌਰ ਵਿਚ ਨਾਟਕ ਨੂੰ ਦ੍ਰਿਸ਼-ਕਾਵਿ ਦੇ ਤੌਰ 'ਤੇ ਵਿਚਾਰਿਆ ਜਾਣ ਲੱਗਾ। ਅਜਿਹੀ ਪਹੁੰਚ ਰੰਗਮੰਚ ਤੇ ਨਾਟਕ ਕਲਾ ਬਾਰੇ ਆਲੋਚਕ ਦੀ ਚੇਤਨਤਾ ਦੀ ਲਖਾਇਕ ਹੈ। ਪੁਸਤਕ ਵਿਚ ਲੇਖਕ ਨੇ ਨਾਟਕਕਾਰਾਂ ਦੇ ਨਾਟਕ ਅਤੇ ਉਨ੍ਹਾਂ ਦੀ ਨਾਟਕ ਕਲਾ ਬਾਰੇ ਨਿਰਣੈ-ਆਤਮਿਕ ਆਲੋਚਨਾ ਕੀਤੀ ਹੈ।

ਗੁਰਚਰਨ ਸਿੰਘ ਤੋਂ ਬਾਅਦ ਬਲਵੰਤ ਗਾਰਗੀ ਦੀ ਪੁਸਤਕ ਰੰਗਮੰਚ 1961 ਈ. ਵਿਚ ਆਈ, ਜੋ ਪੰਜਾਬੀ ਨਾਟ-ਖੋਜ ਅਤੇ ਆਲੋਚਨਾ ਦੇ ਖੇਤਰ ਵਿਚ ਇੱਕ ਸਫਲ ਪ੍ਰਯਤਨ ਮੰਨੀ ਜਾਂਦੀ ਹੈ। ਗਾਰਗੀ ਨਾਟਕ ਤੇ ਰੰਗਮੰਚ ਨਾਲ ਜੁੜਿਆ ਹੋਣ ਕਰਕੇ ਇਸ ਨੂੰ ਨੀਝ ਨਾਲ ਵੇਖਦਾ ਤੇ ਪਰਖਦਾ ਹੈ। ਇਸ ਪੁਸਤਕ ਵਿਚ ਲੇਖਕ ਨੇ ਨਾਟਕ ਅਤੇ ਰੰਗਮੰਚ ਦੇ ਨਿਕਾਸ, ਵਿਕਾਸ ਦੇ ਨਾਲ ਭਾਰਤ ਦੇ ਪ੍ਰਾਂਤਕ ਨਾਟਕ, ਹਿੰਦੀ ਨਾਟਕ, ਅੰਗਰੇਜ਼ੀ ਨਾਟਕ, ਸੰਸਕ੍ਰਿਤ ਨਾਟਕ, ਲੋਕ-ਨਾਟਕ ਆਦਿ ਦਾ ਵਿਸ਼ਲੇਸ਼ਣ ਕੀਤਾ ਹੈ। ਗਾਰਗੀ ਨਾਟਕ ਦਾ ਮੁੱਢ ਸਾਡੇ ਲੋਕ-ਨਾਟਕ ਦੇ ਰੂਪ ਵਿਚ ਹੀ ਮੰਨਦਾ ਹੈ। ਗੁਰਦਿਆਲ ਸਿੰਘ ਫੁੱਲ ਨੇ ਨਾਟ-ਆਲੋਚਨਾ ਬਾਰੇ ਰੰਗਮੰਚ ਕਲਾ (1964) ਪੁਸਤਕ ਰਾਹੀਂ ਲਿਖਣਾ ਸ਼ੁਰੂ ਕੀਤਾ। ਇਸ ਪੁਸਤਕ ਵਿਚ ਰੰਗਮੰਚ ਦਾ ਜਨਮ ਤੇ ਵਿਕਾਸ, ਰੰਗਮੰਚ ਦੀ ਉਸਾਰੀ ਤੇ ਜੜਤ, ਰੰਗਮੰਚ ਤੇ ਪ੍ਰਕਾਸ਼, ਰੰਗਮੰਚ ਵਿਉਂਤਣਾ, ਅਭਿਨੈ ਤੇ ਅਭਿਨੇਤਾ, ਨਾਟਕੀ ਤਾਣਾ-ਬਾਣਾ, ਨਿਰਦੇਸ਼ਕ ਆਦਿ ਬਾਰੇ ਅਧਿਐਨ ਕੀਤਾ ਗਿਆ ਹੈ।

ਇਸ ਦੌਰ ਦੀ ਇੱਕ ਹੋਰ ਪੁਸਤਕ ਪੰਜਾਬੀ ਨਾਟਕ ਦੇ ਮੋਢੀ ਕੁਲਦੀਪ ਸਿੰਘ ਐਮ.ਏ. ਦੁਆਰਾ 1966 ਵਿਚ ਲਿਖੀ ਗਈ ਹੈ। ਲੇਖਕ ਨੇ ਨਾਟਕ ਦੀ ਪਰਿਭਾਸ਼ਾ, ਭਾਰਤ ਵਿਚ ਨਾਟਕ ਦਾ ਵਿਕਾਸ ਅਤੇ ਰੰਗਮੰਚ ਤੋਂ ਇਲਾਵਾ ਤਿੰਨ ਨਾਟਕਾਂ ਚੰਦਰਹਰੀ, ਰਾਜਾ ਲਖਦਾਤਾ ਸਿੰਘ, ਸੁਕੰਨਿਆ ਦਾ ਵੇਰਵਾ ਦਿੱਤਾ ਹੈ। ਆਲੋਚਕ ਬਾਵਾ ਬੁੱਧ ਸਿੰਘ, ਭਾਈ ਵੀਰ ਸਿੰਘ ਅਤੇ ਬ੍ਰਿਜ ਲਾਲ ਸ਼ਾਸਤਰੀ ਨੂੰ ਪੰਜਾਬੀ ਨਾਟਕ ਦੇ ਮੋਢੀ ਮੰਨਦਾ ਹੈ। ਜੀ. ਐਲ. ਸ਼ਰਮਾ ਦੀ ਪੁਸਤਕ ਪੰਜਾਬੀ ਨਾਟਕ ਦੇ ਰੂਪ ਰੰਗ ਪੰਜਾਬੀ ਨਾਟਕ ਦੀਆਂ ਵੱਖ-ਵੱਖ ਪ੍ਰਵਿਰਤੀਆਂ ਨਾਲ ਸੰਬੰਧਿਤ ਹੈ, ਜਿਸ ਵਿਚ ਪੰਜਾਬੀ ਨਾਟਕ ਦੇ ਰੂਪਾਂ (ਦੁਖਾਂਤ, ਸੁਖਾਂਤ, ਸਮੱਸਿਆ ਨਾਟਕ, ਇਤਿਹਾਸਕ ਨਾਟਕ, ਪ੍ਰਯੋਗਵਾਦੀ ਨਾਟਕ, ਐਬਸਰਡ ਨਾਟਕ) ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਚਿਤਰਿਆ ਹੈ। ਹਰਚਰਨ ਸਿੰਘ ਦੀ ਪੁਸਤਕ ਨਾਟਕ ਕਲਾ ਤੇ ਹੋਰ ਲੇਖ (1972) ਦਾ ਪੰਜਾਬੀ ਨਾਟ-ਸਮੀਖਿਆ ਵਿਚ ਵਿਸ਼ੇਸ਼ ਯੋਗਦਾਨ ਹੈ, ਲੇਖ 'ਪੰਜਾਬੀ

ਵਿਚ ਨਾਟਕ ਦਾ ਮੁੱਢ' ਰਾਹੀਂ ਇਹ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਪੰਜਾਬ ਦੀ ਧਰਤੀ 'ਤੇ ਵੈਦਿਕ ਸਮਿਆਂ ਤੋਂ ਪਹਿਲਾਂ ਵੀ ਨਾਟਕ ਖੇਡੇ ਜਾਂਦੇ ਸਨ, ਜਿਸ ਦੇ ਪਰਮਾਣ ਹੜੱਪਾ ਅਤੇ ਮੋਹਿੰਜੋਦੜੋ ਦੀ ਖ਼ੁਦਾਈ ਤੋਂ ਵੀ ਮਿਲਦੇ ਹਨ। ਨਵਨਿੰਦਰਾ ਬਹਿਲ ਨੇ ਕਪੂਰ ਸਿੰਘ ਘੁੰਮਣ ਦਾ ਨਾਟ-ਲੋਕ (1973) ਅਤੇ ਸੰਪਾਦਿਤ ਪੁਸਤਕ ਪੰਜਾਬੀ ਰੰਗਮੰਚ (1973) ਰਾਹੀਂ ਯੋਗਦਾਨ ਪਾਇਆ।

ਸੁਰਜੀਤ ਸਿੰਘ ਸੇਠੀ ਦੀ ਨਾਟ-ਆਲੋਚਨਾ ਨਾਲ ਸੰਬੰਧਿਤ ਪਹਿਲੀ ਪੁਸਤਕ ਨਾਟ-ਕਲਾ (1974) ਹੈ। ਸੇਠੀ ਆਪਣੇ ਸਮਕਾਲੀਆਂ ਦੇ ਮੁਕਾਬਲੇ ਨਾਟਕ ਲਿਖਣ ਤੇ ਖੇਡਣ ਵਿਚ ਅੱਗੇ ਰਹੇ ਅਤੇ ਉਸ ਨੇ ਬਹੁਤਾ ਧਿਆਨ ਰੰਗਮੰਚੀ ਪ੍ਰਯੋਗ ਕਰਨ 'ਤੇ ਦਿੱਤਾ, ਜੋ ਵਧੇਰੇ ਕਰਕੇ ਪੱਛਮ ਦੀਆਂ ਆਧੁਨਿਕ ਸ਼ੈਲੀਆਂ 'ਤੇ ਆਧਾਰਿਤ ਹਨ। ਨਾਟ-ਕਲਾ ਵਿਚ ਨਾਟਕ ਤੇ ਰੰਗਮੰਚੀ ਤੱਤਾਂ—ਪਲਾਟ, ਪਾਤਰ ਤੇ ਪਾਤਰ-ਚਿਤਰਣ, ਵਾਰਤਾਲਾਪ, ਵਿਚਾਰ, ਪੇਸ਼ਕਾਰੀ—ਦੀ ਵਿਸਥਾਰਪੂਰਵਕ ਵਿਆਖਿਆ ਕੀਤੀ ਗਈ ਹੈ। ਸੇਠੀ ਨਾਟਕ ਦੇ ਤੱਤਾਂ ਸੰਬੰਧੀ ਲਿਖਦਾ ਹੈ:

ਜੇ ਪਲਾਟ, ਪਾਤਰ ਚਿਤਰਨ ਤੇ ਵਾਰਤਾਲਾਪ ਨਾਟਕ ਦੇ ਵਿਸ਼ੇ ਨੂੰ ਵਸਤੂ ਦਿੰਦੇ ਹਨ, ਵਿਚਾਰਾਂ ਨੂੰ ਦਰਸ਼ਨ ਵਿਚ ਬਦਲਦੇ ਹਨ ਤੇ ਖ਼ਿਆਲਾਂ ਨੂੰ ਸੰਕਲਪ ਦਾ ਰੂਪ ਦਿੰਦੇ ਹਨ ਤਾਂ ਉੱਤਮ ਪੇਸ਼ਕਾਰੀ ਵੀ ਉਹਨਾਂ ਦੀ ਕਈ ਢੰਗਾਂ ਨਾਲ ਸਹਾਇਤਾ ਕਰਦੀ ਹੈ। ਸਭ ਤੋਂ ਵੱਡੀ ਸਹਾਇਤਾ ਤਾਂ ਜਿਊਂਦੇ ਐਕਟਰ ਦਾਖ਼ਲ ਕਰਨ ਦੇ ਰੂਪ ਵਿਚ ਹੈ। ਸਾਰੇ ਜਾਣਦੇ ਹਨ ਕਿ ਪੇਸ਼ਕਾਰੀ ਬਾਅਦ ਦੀ ਚੀਜ਼ ਨਹੀਂ ਸਗੋਂ ਪਹਿਲਾਂ ਦੀ ਚੀਜ਼ ਹੈ। ਨਾਟਕ ਤੇ ਥੀਏਟਰ ਦਾ ਇਤਿਹਾਸ ਦੱਸਦਾ ਹੈ ਕਿ ਪੇਸ਼ਕਾਰੀ ਵਿਚੋਂ ਹੀ ਨਾਟਕ ਪੈਦਾ ਹੋਇਆ ਹੈ।[9]

ਕੁਝ ਇਸ ਤਰ੍ਹਾਂ ਦੇ ਵਿਚਾਰ ਰਾਜਿੰਦਰ ਲਹਿਰੀ ਦੁਆਰਾ ਵੀ ਵਿਅਕਤ ਕੀਤੇ ਗਏ ਹਨ: "ਲਿਖਤ-ਪਾਠ ਮੰਚੀ-ਪਾਠ ਦੇ ਸੰਕਲਪ ਉੱਪਰ ਆਧਾਰਤ ਹੁੰਦਾ ਹੈ ਤੇ ਮੰਚੀ-ਪਾਠ ਲਿਖਤ-ਪਾਠ ਉੱਪਰ ਆਧਾਰਤ ਹੁੰਦਾ ਹੈ।"[10] ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸੇਠੀ ਨਾਟਕ ਦੇ ਤੱਤਾਂ ਦੀ ਅਹਿਮੀਅਤ ਬਾਰੇ ਗੱਲ ਕਰਦਾ ਅਭਿਨੇਤਾ ਦੀ ਅਭਿਨੈ ਕਲਾ ਤੇ ਦ੍ਰਿਸ਼-ਵਿਧਾਨ ਜਾਂ ਪੇਸ਼ਕਾਰੀ ਵਿਚੋਂ ਨਾਟਕ ਦੀ ਹੋਂਦ ਨੂੰ ਸਵੀਕਾਰ ਕਰਦਾ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਇਸ ਦੌਰ ਵਿਚ ਜੀਤ ਸਿੰਘ ਸੀਤਲ (ਨਾਟਕ ਤੇ ਰੰਗਮੰਚ ਸਿਧਾਂਤ), ਕੁਲਦੀਪ ਸਿੰਘ ਸੇਠੀ (ਨਾਟਕ ਸਿਧਾਂਤ ਤੇ ਪੰਜਾਬੀ ਨਾਟਕਕਾਰ, 1957), ਪ੍ਰੀਤਮ ਸਿੰਘ ਸੈਣੀ (ਆਈ.ਸੀ. ਨੰਦਾ ਦੀ ਨਾਟ ਕਲਾ, 1971), ਅਮਰੀਕ ਸਿੰਘ (ਹਰਚਰਨ ਸਿੰਘ ਦੀ ਨਾਟ

ਕਲਾ: ਹਰਚਰਨ ਸਿੰਘ ਦੀ ਜ਼ੁਬਾਨੀ, 1974) ਆਦਿ ਆਲੋਚਕਾਂ ਨੇ ਪੁਸਤਕਾਂ ਲਿਖੀਆਂ। ਸਮੁੱਚੇ ਤੌਰ 'ਤੇ ਦੂਜੇ ਦੌਰ ਵਿਚ ਨਾਟਕ ਦੇ ਸਾਹਿਤ-ਪਾਠ ਦੇ ਨਾਲ-ਨਾਲ ਰੰਗਮੰਚੀ ਪਾਠ ਨੂੰ ਆਲੋਚਕਾਂ ਵੱਲੋਂ ਵਿਚਾਰਿਆ ਜਾਣਾ ਸ਼ੁਰੂ ਹੋਇਆ।

**ਤੀਜਾ ਦੌਰ (1975–1990)**

ਪੰਜਾਬੀ ਨਾਟ-ਆਲੋਚਨਾ ਦੇ ਇਤਿਹਾਸ ਵਿਚਲਾ ਇਹ ਤੀਜਾ ਦੌਰ ਪੰਜਾਬੀ ਨਾਟਕ ਦੇ ਬਹੁ-ਪੱਖੀ ਪਸਾਰਾਂ ਨਾਲ ਸੰਬੰਧਿਤ ਹੈ। ਇਸ ਸਮੇਂ ਪੰਜਾਬੀ ਨਾਟਕ ਪਹਿਲਾਂ ਨਾਲੋਂ ਵਧੇਰੇ ਪ੍ਰਫੁਲਿਤ ਹੁੰਦਾ ਹੈ; ਨਵੇਂ-ਨਵੇਂ ਵਿਸ਼ਿਆਂ ਤੇ ਨਾਟ-ਰੂਪਾਂ ਦਾ ਆਗਾਜ਼ ਹੁੰਦਾ ਹੈ। ਮੁੱਢਲੀ ਨਾਟ-ਆਲੋਚਨਾ ਅਧਿਕਤਮ ਪੰਜਾਬੀ ਨਾਟਕਕਾਰਾਂ ਨਾਲ ਸੰਬੰਧਿਤ ਸੀ ਪਰ ਇਸ ਦੌਰ ਵਿਚ ਨਾਟ-ਸਿਧਾਂਤ, ਰੰਗਮੰਚ, ਨਾਟ-ਜੁਗਤਾਂ, ਨਵੇਂ ਨਾਟ-ਰੂਪਾਂ ਆਦਿ ਬਾਰੇ ਵੀ ਚਰਚਾ ਹੋਈ ਹੈ। ਨਵੇਂ ਨਾਟ-ਆਲੋਚਕਾਂ ਦੇ ਨਾਲ-ਨਾਲ ਪਿਛਲੇ ਦੌਰ ਦੇ ਨਾਟ-ਆਲੋਚਕ ਵੀ ਸਰਗਰਮ ਰਹਿੰਦੇ ਹਨ, ਜਿਨ੍ਹਾਂ ਵਿਚੋਂ ਹਰਚਰਨ ਸਿੰਘ, ਸੁਰਜੀਤ ਸਿੰਘ ਸੇਠੀ, ਗੁਰਦਿਆਲ ਸਿੰਘ ਫੁੱਲ, ਨਵਨਿੰਦਰਾ ਬਹਿਲ ਆਦਿ ਨਾਂ ਪ੍ਰਮੁੱਖ ਹਨ। ਹਰਚਰਨ ਸਿੰਘ ਨੇ ਇਸ ਦੌਰ ਵਿਚ ਨਾਟਕ ਕਲਾ ਤੇ ਮੇਰਾ ਅਨੁਭਵ (1979), ਮੇਰੀ ਸਾਹਿਤਕ ਸਵੈ-ਜੀਵਨੀ (1988), ਪੰਜਾਬੀ ਨਾਟ-ਪਰੰਪਰਾ (ਹੜੱਪਾ ਤੋਂ ਹਰੀ ਕ੍ਰਾਂਤੀ ਤੱਕ) ਆਦਿ ਰਚਨਾਵਾਂ ਲਿਖੀਆਂ। ਨਾਟਕ ਅਤੇ ਰੰਗਮੰਚ ਦੀ ਅੰਤਰ-ਸੰਬੰਧਿਤਾ ਬਾਰੇ ਉਹ ਲਿਖਦਾ ਹੈ: "ਨਾਟਕ ਦਾ ਰੰਗਮੰਚ ਨਾਲ ਪਬ ਪਹੁੰਚੇ ਦਾ ਸਾਕ ਹੈ। ਦੋਵੇਂ ਇਕ-ਦੂਜੇ ਉੱਤੇ ਨਿਰਭਰ ਹਨ।"[11] ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਨਾਟ-ਲਿਖਤ ਤੇ ਨਾਟ-ਪੇਸ਼ਕਾਰੀ ਦੋਵਾਂ ਦੀ ਹੋਂਦ ਸਹਿਜੀਵੀ ਹੈ। ਇਨ੍ਹਾਂ ਨੂੰ ਇਕ ਦੂਜੇ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ।

ਅਜੀਤ ਸਿੰਘ ਔਲਖ ਦੀ ਪੁਸਤਕ ਪੰਜਾਬੀ ਲੋਕ ਨਾਟ ਪਰੰਪਰਾ (1982), ਜੋ ਉਸ ਦੇ ਪੀਐਚ.ਡੀ. ਖੋਜ-ਪ੍ਰਬੰਧ ਦਾ ਪੁਸਤਕ ਰੂਪ ਹੈ, ਵਿਚ ਲੋਕ ਨਾਟਕ ਦੀ ਪਰਿਭਾਸ਼ਾ, ਪੰਜਾਬੀ ਲੋਕ ਨਾਟਕ ਦਾ ਇਤਿਹਾਸ, ਲੋਕ ਨਾਟਕ ਤੇ ਸਾਹਿਤਕ ਨਾਟਕ ਦੀ ਤੁਲਨਾ, ਸਾਂਗ ਨਾਟਕ ਦਾ ਜਨਮ, ਵਿਕਾਸ ਤੇ ਬਣਤਰ, ਖੇਡ-ਵਿਧੀ ਅਤੇ ਰੰਗਮੰਚ ਸ਼ੈਲੀਆਂ ਦੀਆਂ ਵਿਸ਼ੇਸ਼ਤਾਵਾਂ ਨੂੰ ਦਰਸਾਇਆ ਗਿਆ ਹੈ। ਆਤਮਜੀਤ ਦੁਆਰਾ ਰਚਿਤ ਪੁਸਤਕਾਂ ਗੁਰੂ ਨਾਨਕ ਨਾਟ-ਅਧਿਐਨ, ਫੁੱਲ ਦੀ ਨਾਟਕ ਕਲਾ (1989), ਪੰਜਾਬ ਦੀ ਨਾਟ-ਪਰੰਪਰਾ (1991), ਹਰਚਰਨ ਸਿੰਘ ਦੀ ਨਾਟਕ-ਕਲਾ (1995) ਆਦਿ ਹਨ। ਆਤਮਜੀਤ ਖ਼ੁਦ ਨਾਟਕਕਾਰ ਅਤੇ ਨਿਰਦੇਸ਼ਕ ਹੈ; ਨਾਟਕ ਦਾ ਨਿਰਦੇਸ਼ਨ ਪੁਸਤਕ ਵਿਚ ਨਿਰਦੇਸ਼ਨ

ਦੀਆਂ ਜੁਗਤਾਂ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕਰਦਿਆਂ ਉਹ ਨਾਟਕ ਦੀ ਪੇਸ਼ਕਾਰੀ ਲਈ ਲੋੜੀਂਦੇ ਸੰਦਾਂ ਸੰਬੰਧੀ ਲਿਖਦਾ ਹੈ:

1. ਸਕ੍ਰਿਪਟ 2. ਕਲਾਕਾਰ 3. ਰੰਗਮੰਚ ਜਾਂ ਸਟੇਜ 4. ਸਟੇਜ-ਸੈੱਟ, ਰੋਸ਼ਨੀ, ਮੇਕ-ਅੱਪ, ਵਸਤਰ, ਹੱਥ-ਸਮੱਗਰੀ ਆਦਿ 5. ਗੀਤ, ਸੰਗੀਤ 6. ਦਰਸ਼ਕ। ਇਹਨਾਂ ਸਾਰਿਆਂ ’ਚੋਂ ਸਭ ਤੋਂ ਵੱਧ ਮਹੱਤਵਪੂਰਨ ਤੇ ਨਾਜ਼ੁਕ ਕਲਾਕਾਰ ਹੀ ਹਨ। ਧਿਆਨ ਨਾਲ ਦੇਖੋ ਤਾਂ ਕਲਾਕਾਰਾਂ ਤੋਂ ਇਲਾਵਾ ਬਾਕੀ ਸਾਰੇ ਸੰਦ ‘ਨਿਰਜਿੰਦ’ ਹਨ।[12]

ਨਾਟ-ਪੇਸ਼ਕਾਰੀ ਵਿਚ ਅਭਿਨੇਤਾ ਦੀ ਅਭਿਨੈ ਕਲਾ ਨਾਟ-ਲਿਖਤ ਨੂੰ ਜਿਉਂਦੇ-ਜਾਗਦੇ ਦੁਨੀਆਵੀਂ ਸੰਸਾਰ ਨਾਲ ਜੋੜਦੀ ਹੈ ਕਿਉਂਕਿ ਨਾਟ-ਸਕ੍ਰਿਪਟ ਵਿਚਲੇ ਵਿਚਾਰਾਂ ਨੂੰ ਦਰਸ਼ਕ ਵਰਗ ਤੱਕ ਸੰਚਾਰਿਤ ਅਭਿਨੇਤਾ ਦੀ ਅਭਿਨੈ ਕਲਾ ਦੁਆਰਾ ਕੀਤਾ ਜਾਂਦਾ ਹੈ। ਸੰਤ ਸਿੰਘ ਸੇਖੋਂ ਦੀ ਪੁਸਤਕ ਨਾਟਕ ਕਲਾ ਤੇ ਮੇਰਾ ਅਨੁਭਵ 1978 ਵਿਚ ਛਪੀ। ਸੇਖੋਂ ਪੰਜਾਬੀ ਦੇ ਪ੍ਰਮੁੱਖ ਨਾਟਕਕਾਰਾਂ ਵਿਚੋਂ ਇੱਕ ਮੰਨੇ ਜਾਂਦੇ ਹਨ। ਬੇਸ਼ੱਕ ਉਸ ਦੇ ਨਾਟਕਾਂ ਨੂੰ ਰੰਗਮੰਚੀ ਰੂਪ ਦੇਣਾ ਕਠਿਨ ਸਮਝਿਆ ਜਾਂਦਾ ਹੈ ਪਰ ਉਸ ਦਾ ਆਪਣਾ ਮੰਨਣਾ ਹੈ ਕਿ ਰੰਗਮੰਚ ਮੇਰੇ ਨਾਟਕਾਂ ਦੇ ਅਨੁਕੂਲ ਨਹੀਂ ਹੈ। ਭੂਪਾਲ ਦਾਸ ਦਾ ਮੰਨਣਾ ਹੈ ਕਿ ਸੇਖੋਂ ਨੇ ਪੰਜਾਬੀ ਰੰਗਮੰਚ ਲਈ ਵਿਚਾਰ-ਪ੍ਰਧਾਨ ਨਾਟਕਾਂ ਦੀ ਰਚਨਾ ਕੀਤੀ ਹੈ, ਪਰੰਤੂ ਉਸ ਦੇ ਨਾਟਕਾਂ ਨੂੰ ਰੰਗਮੰਚ ਰਾਸ ਨਹੀਂ ਆਇਆ।[13] ਬਲਵੰਤ ਗਾਰਗੀ ਦਾ ਕਥਨ ਹੈ ਕਿ ਸੇਖੋਂ ਨੇ ਰੰਗਮੰਚ ਉੱਤੇ ਆ ਕੇ ਨਾਟਕ ਨਹੀਂ ਲਿਖੇ ਸਗੋਂ ਇੱਕ ਖ਼ਿਆਲੀ ਰੰਗਮੰਚ ਨੂੰ ਸਾਹਮਣੇ ਰੱਖ ਕੇ ਨਾਟਕ ਲਿਖੇ ਹਨ।[14] ਇਸ ਤੋਂ ਪਤਾ ਲੱਗਦਾ ਹੈ ਕਿ ਸੇਖੋਂ ਦੁਆਰਾ ਰਚਿਤ ਨਾਟਕ ਲਿਖਤ-ਪਾਠ (ਸਾਹਿਤਕ ਪੱਖ) ਨੂੰ ਸਨਮੁਖ ਰੱਖ ਕੇ ਲਿਖੇ ਗਏ ਹਨ।

ਸੁਰਜੀਤ ਸਿੰਘ ਸੇਠੀ ਨੇ ਸਿਰਜਨਾਤਮਿਕ ਨਾਟਕ ਨਿਰਦੇਸ਼ਨ (1985) ਅਤੇ ਪੰਜਾਬੀ ਰੰਗਮੰਚ ਤੇ ਨਾਟਕ-ਕਲਾ (1988) ਪੁਸਤਕਾਂ ਲਿਖੀਆਂ, ਜਿਨ੍ਹਾਂ ਵਿਚ ਵਧੇਰੇ ਆਲੋਚਨਾ ਐਬਸਰਡ ਥੀਏਟਰ ਦੀਆਂ ਜੁਗਤਾਂ ਨੂੰ ਆਧਾਰ ਬਣਾ ਕੇ ਕੀਤੀ ਗਈ ਹੈ। ਹਰਸਰਨ ਸਿੰਘ ਨੇ 1988 ਵਿਚ ਥੀਏਟਰ ਨਾਂ ਦੀ ਪੁਸਤਕ ਲਿਖੀ। ਹੁਕਮ ਚੰਦ ਰਾਜਪਾਲ ਦੀ ਪੰਜਾਬੀ ਨਾਟ-ਕਾਵਿ: ਸਰੂਪ ਅਤੇ ਵਿਕਾਸ (1985) ਮਹੱਤਵਪੂਰਨ ਪੁਸਤਕ ਹੈ, ਜਿਸ ਵਿਚ ਕਾਵਿ-ਨਾਟਕ ਦੀ ਸਿਧਾਂਤਕ ਵਿਆਖਿਆ ਦੇ ਨਾਲ-ਨਾਲ ਪੰਜਾਬੀ ਦੇ ਪ੍ਰਮੁੱਖ ਕਾਵਿ-ਨਾਟਕਾਂ ਦਾ ਵੇਰਵਾ ਦਿੱਤਾ ਹੈ। ਕਪੂਰ ਸਿੰਘ ਘੁੰਮਣ ਨੇ 1977 ਈ. ਵਿਚ ਬ੍ਰਿਜ ਲਾਲ ਸ਼ਾਸਤਰੀ ਰਚਨਾਵਲੀ ਲਿਖੀ। ਗੁਰਦਿਆਲ ਸਿੰਘ ਫੁੱਲ ਨੇ ਪੰਜਾਬੀ ਇਕਾਂਗੀ: ਸਰੂਪ,

ਸਿਧਾਂਤ ਤੇ ਵਿਕਾਸ (1987), ਮੇਰੀ ਸਾਹਿਤਕ ਸਵੈ-ਜੀਵਨੀ (1987), ਪੰਜਾਬੀ ਨਾਟਕ: ਸਰੂਪ, ਸਿਧਾਂਤ ਤੇ ਵਿਕਾਸ (1988), ਨਾਟਕ ਸਿਧਾਂਤ ਤੇ ਨਾਟਕਕਾਰ, ਪੰਜਾਬੀ ਨਾਟਕ ਦਾ ਇਤਿਹਾਸ ਆਦਿ ਪੁਸਤਕਾਂ ਰਾਹੀਂ ਨਾਟਕ ਤੇ ਰੰਗਮੰਚ ਦੇ ਸਿਧਾਂਤਕ ਪੱਖ ਬਾਰੇ ਵਿਸਤ੍ਰਿਤ ਚਰਚਾ ਕੀਤੀ। ਨਸੀਬ ਬਵੇਜਾ ਦੀ ਹਰਸਰਨ ਸਿੰਘ ਦੀ ਨਾਟਕ ਕਲਾ (1988) ਵਿਚ ਹਰਸਰਨ ਸਿੰਘ ਦੇ ਨਾਟਕ ਉਦਾਸ ਲੋਕ ਨੂੰ ਮੁੱਖ ਆਧਾਰ ਬਣਾਇਆ ਗਿਆ ਹੈ। ਪਿਆਰਾ ਸਿੰਘ ਦੀ ਪੁਸਤਕ ਪੰਜਾਬੀ ਨਾਟਕ ਤੇ ਰੰਗਮੰਚ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ (1989) ਇਸ ਦੌਰ ਦੀ ਮਹੱਤਵਪੂਰਨ ਪੁਸਤਕ ਹੈ। ਪਿਆਰਾ ਸਿੰਘ ਨਾਟਕ ਅਤੇ ਰੰਗਮੰਚ ਦੀ ਅੰਤਰ-ਸੰਬੰਧਿਤਾ ਨੂੰ ਮੰਨਦਾ ਹੈ ਪਰ ਰੰਗਮੰਚ ਨੂੰ ਨਾਟਕ ਦਾ ਤੱਤ ਮੰਨਣ ਦੀ ਬਜਾਇ ਵੱਖਰੇ ਰੂਪ ਵਜੋਂ ਪੇਸ਼ ਕਰਦਾ ਨਜ਼ਰ ਆਉਂਦਾ ਹੈ: "ਕੁਝ ਲੋਕ ਰੰਗਮੰਚ ਨੂੰ ਵੀ ਨਾਟਕ ਦਾ ਤੱਤ ਮੰਨਦੇ ਹਨ। ਅਜਿਹਾ ਠੀਕ ਨਹੀਂ। ਰੰਗਮੰਚ ਇੱਕ ਸੁਤੰਤਰ ਵਿਸ਼ਾ ਹੈ। ਪਰ ਇਸ ਦਾ ਨਾਟਕ ਨਾਲ ਅਟੁੱਟ ਸੰਬੰਧ ਹੈ।"[15] ਜਦਕਿ ਅਜਿਹਾ ਨਹੀਂ ਮੰਨਿਆ ਜਾ ਸਕਦਾ ਕਿ ਰੰਗਮੰਚ ਨਾਟਕ ਦਾ ਤੱਤ ਨਹੀਂ ਹੈ ਕਿਉਂਕਿ ਭਾਰਤੀ ਅਤੇ ਪੱਛਮੀ ਨਾਟ-ਸਿਧਾਂਤ ਆਲੋਚਕਾਂ, ਵਿਸ਼ੇਸ਼ਕਰ ਭਾਰਤੀ ਆਚਾਰੀਆ, ਨੇ ਦ੍ਰਿਸ਼-ਵਿਧਾਨ ਨੂੰ ਨਾਟਕ ਦੇ ਮਹੱਤਵਪੂਰਨ ਤੱਤ ਵਜੋਂ ਵਿਚਾਰਿਆ ਹੈ। ਪੱਛਮੀ ਆਚਾਰੀਆ ਅਰਸਤੂ ਦ੍ਰਿਸ਼-ਵਿਧਾਨ ਨੂੰ ਤੱਤਾਂ ਵਿਚ ਤਾਂ ਰੱਖਦਾ ਹੈ ਪਰ ਇਸ ਬਾਰੇ ਵਿਆਖਿਆ ਦੀ ਥਾਂ ਲਿਖਦਾ ਹੈ:

> ਦ੍ਰਿਸ਼-ਵਿਧਾਨ ਦੀ ਵੀ ਆਪਣੀ ਇੱਕ ਭਾਵ-ਉਤੇਜਕ ਖਿੱਚ ਹੁੰਦੀ ਹੈ। ਪਰ ਤਰਾਸਦੀ ਦੇ ਸਾਰੇ ਅੰਗਾਂ ਵਿਚੋਂ ਸਭ ਤੋਂ ਘੱਟ ਕਲਾਤਮਿਕ ਇਹੋ ਹੈ ਅਤੇ ਕਾਵਿ-ਕਲਾ ਨਾਲ ਇਸ ਦਾ ਸਭ ਤੋਂ ਘੱਟ ਸਥਾਨ ਹੈ। ਕਿਉਂਕਿ ਦ੍ਰਿਸ਼-ਵਿਧਾਨ (ਪੇਸ਼ਕਾਰੀ) ਅਤੇ ਅਭਿਨੇਤਿਆਂ (ਅਭਿਨਯ) ਤੋਂ ਸੁਤੰਤਰ ਵੀ ਤਰਾਸਦੀ ਦੇ ਪ੍ਰਬਲ ਪ੍ਰਭਾਵ ਦੀ ਅਨੁਭੂਤੀ ਹੁੰਦੀ ਹੈ। ਇਸ ਤੋਂ ਛੁੱਟ ਰੰਗ-ਪ੍ਰਭਾਵ ਪੈਦਾ ਕਰਨਾ ਕਵੀ ਨਾਲੋਂ ਵਧੇਰੇ ਮੰਚ-ਸ਼ਿਲਪੀ ਦੀ ਕਲਾ ਉੱਪਰ ਨਿਰਭਰ ਹੈ।[16]

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੱਛਮੀ ਨਾਟ-ਸਿਧਾਂਤ ਲਿਖਤ-ਪਾਠ ਭਾਵ ਸਕ੍ਰਿਪਟ ਦੇ ਅਨੁਸਾਰ ਜ਼ਿਆਦਾਤਰ ਵਿਚਾਰਿਆ ਗਿਆ ਹੈ; ਰੰਗਮੰਚੀ ਪੱਖ ਅਣਗੌਲਿਆ ਰਿਹਾ ਹੈ। ਇਸ ਨੂੰ ਆਧਾਰ ਮੰਨ ਕੇ ਪੰਜਾਬੀ ਨਾਟ-ਆਲੋਚਕਾਂ ਨੇ ਵੀ ਰੰਗਮੰਚੀ ਪੱਖ ਨਾਲੋਂ ਲਿਖਤ ਪੱਖ ਬਾਰੇ ਵਧੇਰੇ ਚਰਚਾ ਕੀਤੀ ਹੈ।

ਬਖ਼ਸ਼ੀਸ਼ ਸਿੰਘ ਦੀ ਪੰਜਾਬੀ ਨਾਟਕ ਵਿਚ ਲੋਕ-ਤੱਤ (1987) ਪੰਜਾਬੀ ਨਾਟਕ ਵਿਚ ਲੋਕ ਤੱਤਾਂ ਦਾ ਵਿਸ਼ਲੇਸ਼ਣ ਕਰਦੀ ਹੈ। ਪੰਜਾਬ ਦੇ ਵੱਖ-ਵੱਖ ਪਿੰਡਾਂ ਵਿਚ ਜਨਮ ਅਤੇ ਵਿਆਹ-ਸ਼ਾਦੀ ਦੇ ਮੌਕਿਆਂ ਉੱਤੇ ਜਾਂ ਤੀਆਂ ਵਰਗੇ ਤਿਉਹਾਰ ਉੱਤੇ ਪੰਜਾਬ ਦੇ ਪੁਰਸ਼ ਅਤੇ ਇਸਤਰੀਆਂ ਸ਼ੌਕੀਆ ਤੌਰ ’ਤੇ ਲੋਕ ਨਾਟਕ ਖੇਡਦੇ ਸਨ; ਪੁਤਲੀਆਂ ਦੇ ਤਮਾਸ਼ੇ, ਮਦਾਰੀਆਂ ਦੀਆਂ ਖੇਡਾਂ, ਵਿਆਹ ਦੇ ਮੌਕੇ ’ਤੇ ਕੱਢੇ ਜਾਣ ਵਾਲੇ ‘ਜਾਗੋ’ ਦੇ ਦ੍ਰਿਸ਼ ਵੀ ਅਜਿਹੇ ਨਾਟਕੀ ਰੂਪ ਹਨ। ਰੋਸ਼ਨ ਲਾਲ ਆਹੂਜਾ ਨੇ ਇਕਾਂਗੀ ਕਲਾ (1979), ਸੰਸਕ੍ਰਿਤ ਨਾਟਕ ਦਾ ਸਰਵੇਖਣ (1981), ਪੰਜਾਬੀ ਨਾਟਕ ਦਾ ਜਨਮ ਤੇ ਵਿਕਾਸ (1982), ਮੇਰਾ ਕਾਵਿ-ਨਾਟਕ ਲੋਕ (1990), ਨਾਟਕ ਤੇ ਰੰਗਮੰਚ (1994), ਨਾਟ ਸ਼ਾਸਤਰ (1985), ਸਾਹਿਤ ਸ਼ਾਸਤਰ (1963) ਆਦਿ ਪੁਸਤਕਾਂ ਲਿਖੀਆਂ। ਆਹੂਜਾ ਆਪਣੇ ਨਾਟ ਸ਼ਾਸਤਰ ਵਿਚ ਨਾਟਕ ਦੇ ਪੰਜ ਤੱਤ ਮੰਨਦਾ ਹੈ:

> ਤੱਤਾਂ ਤੋਂ ਛੁੱਟ ਭਰਤ ਮੁਨੀ ਨੇ ਦੇਵਤਿਆਂ ਤੇ ਦੈਂਤਾਂ ਦੇ ਯੁੱਧ ਦੀ ਇਤਿਹਾਸਕ ਰਚਨਾ ਵਿਚ ਤਿੰਨ ਬਿਰਤੀਆਂ ਰੱਖੀਆਂ ਸਨ ਜਿਵੇਂ ਕਿ ਭਾਰਤੀ, ਸਾਤਵਤੀ ਅਤੇ ਆਰਭਟੀ। ਪਰ ਸੁਝਾਅ ਮਿਲਣ ਤੇ ਉਸ ਨੇ ਚੌਥੀ ਬਿਰਤੀ ਕੌਸ਼ਿਕੀ ਵੀ ਸ਼ਾਮਲ ਕਰ ਦਿੱਤੀ ਜਿਸ ਨੂੰ ਨਾਚ (ਨਿਰਤਯ) ਕਹਿੰਦੇ ਹਨ। ਸ਼ਿੰਗਾਰ ਰਸ ਕਿਰਿਆ, ਭਾਵਾਂ ਤੇ ਅੰਗਾਂ ਦੁਆਰਾ ਉਤਪੰਨ ਹੁੰਦਾ ਹੈ ਅਤੇ ਜਿਸ ਲਈ ਸੁੰਦਰ ਇਸਤਰੀਆਂ ਦੀ ਆਵੱਸ਼ਕਤਾ ਰਹਿੰਦੀ ਹੈ। ਤਾਂ ਫਿਰ ਨਾਟ ਦੇ ਪੰਜ ਤੱਤ ਹੋਏ ਜਿਨ੍ਹਾਂ ਵਿਚ ਨਾਚ ਵੀ ਹੈ।[17]

ਉਪਰੋਕਤ ਕਥਨ ਅਨੁਸਾਰ ਨਾਟਕ ਦੇ ਪੰਜ ਤੱਤ ਮੰਨੇ ਗਏ ਹਨ ਪਰ ਭਾਰਤੀ ਆਚਾਰੀਆ ਨੇ ਨਾਟਕ ਦੇ ਚਾਰ ਤੱਤ ਮੰਨੇ ਹਨ; ਨਾਚ ਨੂੰ ਆਹੂਜਾ ਵੱਖਰੇ ਤੱਤ ਵਜੋਂ ਸਵੀਕਾਰ ਕਰ ਰਿਹਾ ਹੈ। ਭਰਤ ਮੁਨੀ ਦੁਆਰਾ ਕੌਸ਼ਿਕੀ ਬਿਰਤੀ ਸੰਬੰਧੀ ਨਾਟਯ ਸ਼ਾਸਤਰ ਵਿਚ ਲਿਖਿਆ ਗਿਆ ਹੈ ਕਿ ਕੌਸ਼ਿਕੀ ਬਿਰਤੀ ਵਿਚ ਰੰਗਮੰਚ (ਨੈਪਥਯ) ਆਦਿ ਦੀ ਰਚਨਾ ਬਹੁਤ ਸੁੰਦਰ ਅਤੇ ਚਮਤਕਾਰ-ਪੂਰਵ ਹੁੰਦੀ ਹੈ; ਇਸਤਰੀ ਪਾਤਰਾਂ ਦੀ ਬਹੁ-ਗਿਣਤੀ ਇਸ ਵਿਚ ਹੁੰਦੀ ਹੈ; ਨਿਰਤ ਅਤੇ ਗੀਤ ਇਸ ਵਿਚ ਬਹੁਤ ਹੁੰਦੇ ਹਨ; ਕੌਸ਼ਿਕੀ ਬਿਰਤੀ ਦਾ ਸੰਬੰਧ ਕੇਸ਼ਾਂ ਨਾਲ ਹੈ।[18] ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਆਹੂਜਾ ਦੁਆਰਾ ਮੰਨਿਆ ਗਿਆ ਪੰਜਵਾਂ ਤੱਤ ਨਾਚ, ਜੋ ਕੌਸ਼ਿਕੀ ਬਿਰਤੀ ਨੂੰ ਆਧਾਰ ਬਣਾ ਕੇ

ਮੰਨਿਆ ਗਿਆ ਹੈ, ਉਚਿਤ ਨਹੀਂ; ਨਾਟਕ ਦੇ ਤੱਤ ਅਭਿਨੇਤਾ ਦੇ ਅਭਿਨੈ ਦੇ ਅੰਤਰਗਤ ਹੀ ਨਾਚ ਨੂੰ ਵਿਚਾਰਿਆ ਗਿਆ ਹੈ, ਵੱਖਰੇ ਤੱਤ ਦੇ ਤੌਰ 'ਤੇ ਨਹੀਂ।

ਇਸ ਦੌਰ ਵਿਚ ਹੋਰ ਆਲੋਚਕਾਂ ਵਿਚ ਅੱਛਰ ਸਿੰਘ ਕਾਹਲੋਂ (ਪੰਜਾਬੀ ਨਾਟਕ ਵਿਚ ਇੱਕ ਵੱਖਰੀ ਪਛਾਣ: ਅਜਮੇਰ ਸਿੰਘ ਔਲਖ, 1985), ਕੁਲਵੰਤ ਸਿੰਘ (ਐਪਿਕ ਥੀਏਟਰ ਤੇ ਇਸ ਦਾ ਪੰਜਾਬੀ ਨਾਟਕ ਉੱਤੇ ਪ੍ਰਭਾਵ, 1987), ਗੁਰਚਰਨ ਸਿੰਘ ਅਰਸ਼ੀ (ਪੰਜਾਬੀ ਸਭਿਆਚਾਰ ਅਤੇ ਰੰਗਮੰਚ, 1987), ਮੇਵਾ ਸਿੰਘ ਸਿੱਧੂ ਤੇ ਸਿੰਦਰਪਾਲ ਸਿੰਘ (ਨਾਟਕਕਾਰ ਅਜਮੇਰ ਸਿੰਘ ਔਲਖ, 1986), ਮਨਜੀਤਪਾਲ ਕੌਰ (ਪੰਜਾਬੀ ਕਾਵਿ-ਨਾਟ ਦਾ ਅਧਿਐਨ, 1989), ਪੰਜਾਬੀ ਨਾਟਕ ਅਤੇ ਰੰਗਮੰਚ: ਵਿਕਾਸ ਦੀਆਂ ਸਮੱਸਿਆਵਾਂ, 1993), ਸੁਤੰਤਰਜੋਤ ਸਿੰਘ (ਪੰਜਾਬੀ ਨਾਟਕ ਵਿਚ ਆਧੁਨਿਕਤਾ ਦਾ ਸੰਕਲਪ, 1987) ਆਦਿ ਦੇ ਨਾਂ ਲਏ ਜਾ ਸਕਦੇ ਹਨ। ਸਮੁੱਚੇ ਤੌਰ 'ਤੇ ਇਸ ਦੌਰ ਵਿਚ ਨਾਟਕ ਤੇ ਰੰਗਮੰਚ ਦੀ ਸਹਿਜੀਵਤਾ ਨੂੰ ਆਤਮਜੀਤ, ਸੁਰਜੀਤ ਸਿੰਘ ਸੇਠੀ, ਗੁਰਦਿਆਲ ਸਿੰਘ ਫੁੱਲ ਆਦਿ ਵਰਗੇ ਨਾਟ-ਆਲੋਚਕ ਮੰਨ ਰਹੇ ਹਨ; ਸੇਖੋਂ ਵਰਗੇ ਵਿਦਵਾਨ ਨਾਟਕ ਨੂੰ ਸਿਰਫ਼ ਲਿਖਤ ਪੱਖ ਜਾਂ ਸਾਹਿਤਕ ਤੌਰ 'ਤੇ ਹੀ ਪਰਵਾਨ ਕਰਦੇ ਨਜ਼ਰ ਆਉਂਦੇ ਹਨ; ਜਦਕਿ ਪਿਆਰਾ ਸਿੰਘ ਵਰਗਾ ਆਲੋਚਕ ਨਾਟਕ ਅਤੇ ਰੰਗਮੰਚ ਦੀ ਹੋਂਦ ਨੂੰ ਸਵੀਕਾਰ ਕਰਦਾ ਹੋਇਆ ਵੀ ਰੰਗਮੰਚ ਨੂੰ ਨਾਟਕ ਦਾ ਤੱਤ ਮੰਨਣ ਤੋਂ ਇਨਕਾਰੀ ਹੈ। ਸਾਡੇ ਜਾਚੇ ਨਾਟਕ ਅਤੇ ਰੰਗਮੰਚ ਅੰਤਰ-ਸੰਬੰਧਿਤ ਹਨ; ਇਹਨਾਂ ਨੂੰ ਵਖਰਾਇਆ ਨਹੀਂ ਜਾ ਸਕਦਾ ਤੇ ਨਾ ਹੀ ਦ੍ਰਿਸ਼-ਵਿਧਾਨ ਨੂੰ ਨਾਟਕ ਦਾ ਤੱਤ ਮੰਨਣ ਤੋਂ ਇਨਕਾਰੀ ਹੋਇਆ ਜਾ ਸਕਦਾ ਹੈ।

**ਚੌਥਾ ਦੌਰ (1990 ਤੋਂ ਬਾਅਦ)**

ਇਸ ਦੌਰ ਵਿਚ ਪੰਜਾਬੀ ਨਾਟ-ਆਲੋਚਨਾ ਹੋਰ ਤੀਬਰ ਹੁੰਦੀ ਹੈ। ਇਸ ਸਮੇਂ ਦੌਰਾਨ ਪੰਜਾਬੀ ਨਾਟਕ ਦੇ ਵੱਥ ਤੇ ਕੱਥ ਦੇ ਵਿਕਾਸ ਨਾਲ ਨਾਟ-ਲੇਖਣ, ਨਾਟ-ਪ੍ਰੋਡਕਸ਼ਨ ਅਤੇ ਨਾਟ-ਖੋਜ ਵਿਚ ਗਤੀ ਆਈ ਹੈ, ਜਿਸ ਦਾ ਪ੍ਰਭਾਵ ਨਾਟ-ਆਲੋਚਨਾ 'ਤੇ ਵੀ ਪਿਆ ਹੈ। ਇਸ ਦੌਰ ਦੇ ਲਗਭਗ ਸਾਰੇ ਨਾਟ-ਆਲੋਚਕ ਨਾਟ-ਕਲਾ ਦੇ ਖੇਤਰ ਨਾਲ ਆਪ ਜੁੜੇ ਹੋਏ ਹਨ, ਜਿਸ ਕਾਰਨ ਉਹ ਬਿਨਾਂ ਕਿਸੇ ਝਿਜਕ ਦੇ ਪੱਖਪਾਤ-ਰਹਿਤ ਆਲੋਚਨਾ ਕਰਦੇ ਹਨ।

ਕਮਲੇਸ਼ ਉੱਪਲ ਲਗਾਤਾਰ ਰੰਗਮੰਚ ਦੇ ਨਾਲ ਜੁੜੀ ਰਹਿਣ ਵਾਲੀ ਸ਼ਖ਼ਸੀਅਤ ਹੈ। ਉਸ ਨੇ ਐਬਸਰਡਵਾਦ ਤੇ ਪੰਜਾਬੀ ਰੰਗਮੰਚ (1986), ਟੈਲੀਵਿਜ਼ਨ ਉੱਤੇ ਪੰਜਾਬੀ

ਨਾਟਕ: ਬਹੁਪੱਖੀ ਅਧਿਐਨ, ਥੀਏਟਰ ਦੇ ਥੰਮ੍ਹ (2000), ਰੰਗਮੰਚ ਦੇ ਰੰਗ (2001), ਰੰਗਮੰਚ ਦੇ ਸ਼ਾਹਕਾਰ (2003), ਪੰਜਾਬੀ ਨਾਟਕ ਅਤੇ ਰੰਗਮੰਚ (2004), ਨਾਟਕ ਕਲਾ: ਸਰੂਪ ਤੇ ਸਿਧਾਂਤ (2016) ਆਦਿ ਪੁਸਤਕਾਂ ਲਿਖੀਆਂ। ਉਸ ਦੁਆਰਾ ਨਾਟਕ ਅਤੇ ਰੰਗਮੰਚ ਦੇ ਸਿਧਾਂਤਕ ਸੰਕਲਪ ਦੇ ਅੰਤਰਗਤ ਨਾਟਕ ਤੇ ਰੰਗਮੰਚ ਦੇ ਪਰਸਪਰ ਸੰਬੰਧ, ਨਾਟਕਕਾਰ ਅਤੇ ਨਿਰਦੇਸ਼ਕ ਦੇ ਸੰਬੰਧ, ਨਾਟ-ਲਿਖਤ ਤੇ ਪੇਸ਼ਕਾਰੀ ਦਾ ਸੰਬੰਧ, ਭਾਸ਼ਾ-ਸ਼ੈਲੀ ਅਤੇ ਨਾਟਕੀ ਵਿਉਂਤਾਂ/ਜੁਗਤਾਂ ਸੰਬੰਧੀ ਮੁੱਲਵਾਨ ਆਲੋਚਨਾ ਕੀਤੀ ਗਈ ਹੈ। ਨਾਟਕ ਤੇ ਰੰਗਮੰਚ ਦੇ ਸੰਬੰਧਾਂ ਬਾਰੇ ਉਹ ਲਿਖਦੀ ਹੈ:

> ਨਾਟਕ ਨੂੰ ਪੜ੍ਹ ਕੇ ਅਸੀਂ ਕਦੇ ਵੀ ਉਹ ਆਨੰਦ ਪ੍ਰਾਪਤ ਨਹੀਂ ਕਰ ਸਕਦੇ ਜੋ ਉਸ ਨੂੰ ਮੰਚਿਤ ਹੋਇਆ ਵੇਖ ਕੇ ਲੈ ਸਕਦੇ ਹਾਂ। ਨਾਟਕ ਆਪਣੇ ਬੀਜ ਰੂਪ ਵਿਚ ਭਾਵ ਦਾ ਬੁਨਿਆਦੀ ਸੰਕਲਪਨ (Basic Conception of Feeling) ਹੈ ਅਤੇ ਰੰਗਮੰਚ ਉਹ ਧਰਤੀ ਹੈ ਅਤੇ ਹੋਰ ਸਾਧਨ ਉਪਲੱਬਧ ਕਰਦਾ ਹੈ ਜੋ ਬੀਜ ਨੂੰ ਪੁੰਗਰਣ ਦਾ ਉਚਿਤ ਅਵਸਰ ਦਿੰਦੇ ਹਨ। ਭਾਵ ਦੇ ਬੁਨਿਆਦੀ ਸੰਕਲਪਨ ਨੂੰ ਰੂਪਕ ਵਜੋਂ ਮੂਰਤੀਮਾਨ ਕਰਨ ਦਾ ਕੰਮ ਰੰਗਮੰਚ ਹੀ ਕਰਦਾ ਹੈ... ਰੰਗਮੰਚ ਅਤੇ ਨਾਟਕ ਦਾ ਸੰਬੰਧ ਸਚਮੁਚ ਸਹਿਜੀਵੀ ਹੈ। ਇੱਕ ਤੋਂ ਬਿਨਾਂ ਦੂਸਰੇ ਦੀ ਹੋਂਦ ਅਧੂਰੀ ਹੈ।[19]

ਇੰਦਰਜੀਤ ਕੌਰ ਦੀ ਪ੍ਰਮੁੱਖ ਪੰਜਾਬੀ ਨਾਟਕ ਸਮੀਖਿਆ ਪਰਿਪੇਖ (2006) ਵਿਚ ਨਾਟਕ ਦੀ ਵਿਧਾ, ਪੰਜਾਬੀ ਨਾਟਕ ਅਤੇ ਰੰਗਮੰਚ ਦਾ ਵਿਕਾਸ, ਨਾਟਕ ਅਤੇ ਰੰਗਮੰਚ ਦੀ ਅੰਤਰ-ਸੰਬੰਧਤਾ ਦਾ ਵਿਆਖਿਆ-ਵਿਸ਼ਲੇਸ਼ਣ ਕੀਤਾ ਗਿਆ ਹੈ। ਪੰਜਾਬੀ ਨਾਟ-ਖੋਜ ਅਤੇ ਆਲੋਚਨਾ ਦੇ ਖੇਤਰ ਵਿਚ ਸਤੀਸ਼ ਕੁਮਾਰ ਵਰਮਾ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਉਸ ਨੇ ਬਰੈਖ਼ਤ ਅਤੇ ਪੰਜਾਬੀ ਨਾਟਕ, ਪੰਜਾਬੀ ਰੰਗਮੰਚ ਦੀ ਭੂਮਿਕਾ, ਪੰਜਾਬੀ ਨਾਟਕ: ਪਰਤੀ ਤੇ ਪਾਸਾਰ, ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਨਾਟ-ਮੰਚ ਦਾ ਨਿਕਾਸ ਤੇ ਵਿਕਾਸ, ਪੰਜਾਬੀ ਨਾਟਕ: ਬੀਜ ਤੋਂ ਬਿਰਖ ਤੱਕ ਆਦਿ ਪੁਸਤਕਾਂ ਲਿਖੀਆਂ। ਪੰਜਾਬੀ ਨਾਟਕ ਦਾ ਇਤਿਹਾਸ (1998) ਸਬਿੰਦਰਜੀਤ ਸਿੰਘ ਸਾਗਰ ਦੁਆਰਾ ਲਿਖੀ ਗਈ ਹੈ, ਜਿਸ ਵਿਚ ਪੰਜਾਬੀ ਨਾਟਕ ਦੇ ਇਤਿਹਾਸਕ ਪਿਛੋਕੜ ਤੇ ਜਨਮ ਤੋਂ ਲੈ ਕੇ 1947 ਈ. ਤੱਕ ਦੇ ਨਾਟਕਾਂ ਦਾ ਵਰਣਨ ਕੀਤਾ ਹੈ। ਉਸ ਅਨੁਸਾਰ ਮੁੱਢਲੇ ਨਾਟਕਾਂ ਵਿਚ ਕੇਵਲ ਬਾਵਾ ਬੁੱਧ ਸਿੰਘ ਹੀ ਰੰਗਮੰਚ ਪ੍ਰਤੀ ਉਤਸ਼ਾਹੀ ਨਜ਼ਰ ਆਉਂਦੇ ਹਨ; ਰੰਗਮੰਚ ਪ੍ਰਤੀ

ਉਦਾਸੀਨਤਾ ਕਰਕੇ ਹੀ ਨਾਟਕ ਕੇਵਲ ਸਾਹਿਤਕ ਵਿਧਾ ਬਣੀ ਰਹੀ ਜਿਸ ਦਾ ਮੰਤਵ ਸਮਾਜਿਕ ਸਰੋਕਾਰਾਂ ਨੂੰ ਪ੍ਰਗਟਾਉਣਾ ਸੀ।[20] ਉਸ ਦੀ ਦੂਜੀ ਪੁਸਤਕ ਪੰਜਾਬੀ ਰੰਗਮੰਚ ਦਾ ਇਤਿਹਾਸ 2015 ਵਿਚ ਪ੍ਰਕਾਸ਼ਿਤ ਹੋਈ।

ਸੁਰਜੀਤ ਸਿੰਘ ਖੁਰਮਾ ਦੀ ਪੰਜਾਬੀ ਨਾਟਕ ਅਤੇ ਰੰਗਮੰਚ ਚੇਤਨਾ (1997) ਵਿਚ ਵੱਖ-ਵੱਖ ਨਾਟਕਕਾਰਾਂ ਤੇ ਉਹਨਾਂ ਦੀਆਂ ਲਿਖਤਾਂ ਸੰਬੰਧੀ ਆਲੋਚਨਾਤਮਿਕ ਨਿਬੰਧ ਸ਼ਾਮਲ ਹਨ; ਦੂਜੀ ਪੁਸਤਕ ਪ੍ਰਗਤੀਵਾਦੀ ਪੰਜਾਬੀ ਨਾਟਕ: ਇੱਕ ਮੁਲਾਂਕਣ ਉਸ ਦਾ ਪੀਐਚ.ਡੀ. ਖੋਜ-ਕਾਰਜ ਹੈ। ਸਤਨਾਮ ਸਿੰਘ ਦੀਆਂ ਪੁਸਤਕਾਂ ਨਾਟਕਕਾਰ ਆਈ.ਸੀ. ਨੰਦਾ (1992) ਅਤੇ ਸੰਤ ਸਿੰਘ ਸੇਖੋਂ ਦਾ ਨਾਟ-ਸ਼ਾਸਤਰ (2001) ਹਨ। ਆਲੋਚਕ ਨੇ ਨੰਦਾ ਤੋਂ ਪਹਿਲਾਂ ਦੇ ਪੰਜਾਬੀ ਨਾਟਕਾਂ ਦੇ ਵਿਸਤ੍ਰਿਤ ਵੇਰਵੇ ਰਾਹੀਂ ਸਿੱਧ ਕੀਤਾ ਹੈ ਕਿ ਪੰਜਾਬੀ ਵਿਚ ਲੋਕ ਨਾਟਕ ਦੀ ਪਰੰਪਰਾ ਵੀ ਮੌਜੂਦ ਸੀ, ਵਿਸ਼ਿਸ਼ਟ ਨਾਟਕ ਵੀ, ਪਰ ਇਹ ਪਰੰਪਰਾਵਾਂ ਨਾ ਤਾਂ ਆਧੁਨਿਕ ਸਨ ਅਤੇ ਨਾ ਹੀ ਰੰਗਮੰਚੀ; ਇਸ ਲਈ "ਨੰਦਾ ਪੰਜਾਬੀ ਦਾ ਮੋਢੀ ਨਹੀਂ, ਆਧੁਨਿਕ ਰੰਗਮੰਚੀ ਨਾਟਕ ਦਾ ਮੋਢੀ ਹੈ।"[21]

ਹਰਪ੍ਰੀਤ ਦੀਆਂ ਪੁਸਤਕਾਂ ਲੋਹਾ ਕੁੱਟ: ਇੱਕ ਵਿਸ਼ਲੇਸ਼ਣ (2003), ਬਲਵੰਤ ਗਾਰਗੀ ਦੀ ਨਾਟ-ਸੰਵੇਦਨਾ (2003) ਬਲਵੰਤ ਗਾਰਗੀ ਦੇ ਨਾਟ-ਸੰਸਾਰ ਨਾਲ ਸੰਬੰਧਿਤ ਹਨ। ਪੰਜਾਬੀ ਇਤਿਹਾਸਕ ਨਾਟਕ (2002) ਡਾ. ਹਰਿਭਜਨ ਸਿੰਘ ਦਾ ਖੋਜ-ਪ੍ਰਬੰਧ ਹੈ ਜਿਸ ਵਿਚ ਪੰਜਾਬੀ ਦੇ ਇਤਿਹਾਸਕ ਨਾਟਕਾਂ ਨੂੰ ਪੂਰੀ ਗੰਭੀਰਤਾ ਨਾਲ ਘੋਖਿਆ ਗਿਆ ਹੈ ਅਤੇ 1948–1965 ਦੌਰਾਨ ਸਿਰਜੇ ਗਏ ਇਤਿਹਾਸਕ ਨਾਟਕ ਨੂੰ ਪੰਜਾਬੀ ਇਤਿਹਾਸਕ ਨਾਟਕ ਦਾ ਸੁਨਹਿਰੀ ਕਾਲ ਕਿਹਾ ਗਿਆ ਹੈ। ਕੁਲਦੀਪ ਸਿੰਘ ਧੀਰ ਵੱਲੋਂ ਸੁਤੰਤਰਤਾ ਪਿੱਛੋਂ ਪੰਜਾਬੀ ਨਾਟਕ: ਇੱਕ ਸਰਬਪੱਖੀ ਵਿਸ਼ਲੇਸ਼ਣ (1989), ਨਾਟਕ ਸਟੇਜ ਤੇ ਦਰਸ਼ਕ (2000) ਪੁਸਤਕਾਂ ਲਿਖੀਆਂ ਗਈਆਂ। ਹਰਜੋਧ ਸਿੰਘ ਨੇ ਔਲਖ: ਇੱਕ ਬਹੁਪਰਤੀ ਸੰਵਾਦ (2003) ਅਤੇ ਪਰਮਜੀਤ ਵਰਮਾ ਨੇ ਪੰਜਾਬੀ ਬਾਲ ਨਾਟਕ: ਸਰਵੇਖਣ ਤੇ ਮੁਲਾਂਕਣ (2000), ਰੰਗਮੰਚ ਸਿਰਜਣਾ ਤੇ ਸੰਵਾਦ (2008), ਆਤਮਜੀਤ ਦੀ ਨਾਟ-ਕਲਾ (2001) ਪੁਸਤਕਾਂ ਲਿਖੀਆਂ, ਜਿਨ੍ਹਾਂ ਵਿਚ ਹੁਣ ਤੱਕ ਅਣਗੌਲੀ ਰਹੀ ਬਾਲ-ਨਾਟਕ ਵਿਧਾ ਦੇ ਰੰਗਮੰਚੀ ਪਰਿਪੇਖ ਨੂੰ ਅਲੱਗ-ਅਲੱਗ ਦ੍ਰਿਸ਼ਟੀਕੋਣਾਂ ਤੋਂ ਵੇਖਣ ਦਾ ਮਹੱਤਵਪੂਰਨ ਕਾਰਜ ਹੋਇਆ ਹੈ।

ਨਾਟਕਕਾਰ ਪਾਲੀ ਭੁਪਿੰਦਰ ਸਿੰਘ ਦਾ ਪੰਜਾਬੀ ਨਾਟਕ ਅਤੇ ਨਾਟ-ਆਲੋਚਨਾ ਦੇ ਖੇਤਰ ਵਿਚ ਅਹਿਮ ਯੋਗਦਾਨ ਹੈ। ਉਸ ਨੇ ਨਾਟਕ ਅਤੇ ਨਾਟ-ਚਿੰਤਨ (2009), ਪੰਜਾਬੀ ਨਾਟਕ ਅਤੇ ਨਾਟ-ਚਿੰਤਨ (2010), ਪੰਜਾਬੀ ਨਾਟ-ਪ੍ਰਵਚਨ (2012), ਪੰਜਾਬੀ ਨਾਟਕ ਸਿਧਾਂਤ, ਵਿਹਾਰ ਤੇ ਮਸਲੇ (2015) ਆਦਿ ਪੁਸਤਕਾਂ ਦੀ ਰਚਨਾ ਕੀਤੀ। ਨਾਟਕ ਅਤੇ ਰੰਗਮੰਚ ਬਾਰੇ ਪਾਲੀ ਭੁਪਿੰਦਰ ਦਾ ਮਤ ਹੈ:

ਨਾਟਕ ਸ਼ਬਦਾਂ ਦੇ ਰਾਹੀਂ ਨਹੀਂ, ਰੰਗਮੰਚ ਦੇ ਮਾਧਿਅਮ ਰਾਹੀਂ ਸੰਚਾਰ ਕਰਦਾ ਹੈ। ਭਾਵੇਂ ਇਹ ਸਾਹਿਤ ਵਾਂਗ ਪੜ੍ਹਿਆ ਵੀ ਜਾ ਰਿਹਾ ਹੋਵੇ ਪਰ ਤਾਂ ਵੀ ਇਹ ਤੱਥ ਖ਼ਾਰਜ ਨਹੀਂ ਕੀਤਾ ਜਾ ਸਕਦਾ ਹੁੰਦਾ ਕਿ ਸਾਹਿਤ ਦੀਆਂ ਬਾਕੀ ਵਿਧਾਵਾਂ ਜਿੱਥੇ ਸ਼ਬਦਾਂ ਰਾਹੀਂ ਸੰਚਾਰ ਕਰਦੀਆਂ ਹਨ ਅਤੇ ਉਹਨਾਂ ਦੀ ਰਚਨਾ ਵੇਲੇ ਸਿਰਜਕ ਦੇ ਸਨਮੁੱਖ ਪਾਠਕ ਹੁੰਦਾ ਹੈ, ਉੱਥੇ ਨਾਟਕ ਸਿੱਧਾ ਆਪਣੇ ਦਰਸ਼ਕ ਲਈ ਨਹੀਂ ਸਗੋਂ ਰੰਗਮੰਚ ਦੇ ਮਾਧਿਅਮ ਰਾਹੀਂ ਦਰਸ਼ਕ ਲਈ ਲਿਖਿਆ ਜਾਂਦਾ ਹੈ ਤੇ ਦਰਸ਼ਕ ਦਾ ਮਾਧਿਅਮ ਰੰਗਮੰਚ ਹੀ ਨਾਟਕ ਦੀ ਅੰਤਿਮ ਭਾਸ਼ਾ ਹੁੰਦਾ ਹੈ, ਜਿਸ ਵਿਚ ਅਭਿਨੈ, ਸੈੱਟ, ਰੋਸ਼ਨੀਆਂ ਅਤੇ ਹੋਰ ਅਨੇਕਾਂ ਪ੍ਰਕਾਰ ਦੀਆਂ ਸਟੇਜ ਗਤੀਵਿਧੀਆਂ ਵੀ ਸ਼ਾਮਲ ਹੁੰਦੀਆਂ ਹਨ। ਇੱਥੇ ਦਰਸ਼ਕ ਕੁਝ ਪੜ੍ਹ-ਸੁਣ ਕੇ ਨਹੀਂ, ਵੇਖ ਕੇ ਵਿਚਾਰ ਜਾਂ ਭਾਵ ਗ੍ਰਹਿਣ ਕਰਦਾ ਹੈ।[22]

ਕੁਝ ਇਸੇ ਤਰ੍ਹਾਂ ਨਾਟਕ ਅਤੇ ਰੰਗਮੰਚ ਦੇ ਪਰਸਪਰ ਸੰਬੰਧਾਂ ਬਾਰੇ ਜੇ. ਬੀ. ਪ੍ਰੀਸਲੇ ਲਿਖਦਾ ਹੈ ਕਿ ਨਾਟਕਕਾਰ ਰੰਗਮੰਚ ਲਈ ਹੀ ਲਿਖਦਾ ਹੈ; ਜੋ ਵਿਅਕਤੀ ਕੇਵਲ ਪੜ੍ਹਨ ਲਈ ਲਿਖਦਾ ਹੈ ਅਤੇ ਸਟੇਜ ਦੀ ਪੇਸ਼ਕਾਰੀ ਲਈ ਨਹੀਂ ਲਿਖਦਾ, ਉਹ ਨਾਟਕਕਾਰ ਨਹੀਂ ਹੈ।[23]

ਬ੍ਰਹਮਜਗਦੀਸ਼ ਸਿੰਘ ਨੇ ਨਾਟਕ ਅਤੇ ਰੰਗਮੰਚ (2002), ਪੰਜਾਬੀ ਨਾਟਕ ਤੇ ਇਕਾਂਗੀ (ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ) (2012) ਪੁਸਤਕਾਂ ਵਿਚ ਪੰਜਾਬੀ ਨਾਟਕ, ਇਕਾਂਗੀ ਦੇ ਨਾਲ-ਨਾਲ ਰੰਗਮੰਚ ਦੇ ਸਿਧਾਂਤ, ਇਤਿਹਾਸ, ਪ੍ਰਵਿਰਤੀਆਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਹੈ; ਉਸ ਦਾ ਮੰਨਣਾ ਹੈ ਕਿ ਪੰਜਾਬੀ ਨਾਟਕ ਅਤੇ ਰੰਗਮੰਚ ਇਕ-ਦੂਸਰੇ ਦੇ ਪੂਰਕ ਹਨ। ਡਾ. ਰਵੇਲ ਸਿੰਘ ਦੀਆਂ ਪੰਜਾਬ ਦੀ ਲੋਕ-ਨਾਟ ਪਰੰਪਰਾ ਤੇ ਪੰਜਾਬੀ ਨਾਟਕ (2001), ਬਲਵੰਤ ਗਾਰਗੀ ਦੀਆਂ ਨਾਟ-ਜੁਗਤਾਂ (2003); ਰਸਪਾਲ ਸਿੰਘ ਦੀਆਂ ਪੰਜਾਬੀ ਨਾਟਕ: ਪਰੰਪਰਾ ਤੇ ਪ੍ਰਵਾਹ ਅਤੇ ਪੰਜਾਬੀ ਨਾਟਕ:

ਸਿਧਾਂਤ ਤੇ ਸਮੀਖਿਆ (2009); ਰਵਿੰਦਰ ਕੌਰ ਦੀਆਂ ਪੰਜਾਬੀ ਨੁੱਕੜ ਨਾਟਕ ਆਲੋਚਨਾਤਮਿਕ ਪਰਿਪੇਖ (2005) ਤੇ ਸਮਕਾਲੀ ਪੰਜਾਬੀ ਨਾਟਕ ਦੇ ਸਰੋਕਾਰ (2009); ਅਤੇ ਭੂਪਾਲ ਦਾਸ ਦੀ ਪੰਜਾਬੀ ਨਾਟ-ਆਲੋਚਨਾ (1994)[24] ਇਸ ਦੌਰ ਦੀਆਂ ਹੋਰ ਮਹੱਤਵਪੂਰਨ ਪੁਸਤਕਾਂ ਹਨ। ਇਨ੍ਹਾਂ ਤੋਂ ਇਲਾਵਾ ਸਰਨਜੀਤ ਕੌਰ, ਸੁਖਦੇਵ ਸਿੰਘ, ਹਰਭਜਨ ਸਿੰਘ, ਪ੍ਰੀਤਮ ਸਿੰਘ, ਬਲਦੇਵ ਸਿੰਘ, ਬਲਰਾਜ ਸਾਹਨੀ, ਗੁਰਮੀਤ ਸਿੰਘ, ਜਸਪਾਲ ਸਿੰਘ ਰੰਧਾਵਾ, ਪ੍ਰਕਾਸ਼ ਸਿਆਲ, ਗੁਰਚਰਨ ਸਿੰਘ ਰਾਵੀ, ਕੁਲਦੀਪ ਕੌਰ, ਬਲਜੀਤ ਕੌਰ ਜੀਤ, ਗੁਰਬਚਨ ਸਿੰਘ ਤਾਂਘੀ, ਨਸੀਬ ਬਵੇਜਾ, ਬਲਵਿੰਦਰ ਸਿੰਘ, ਰਾਜਿੰਦਰ ਕੁਮਾਰ, ਪਰਮਿੰਦਰਜੀਤ, ਗੁਰਸੇਵਕ ਲੰਬੀ, ਡਾ. ਜਸਵਿੰਦਰ ਸਿੰਘ (ਪੰਜਾਬੀ ਕਾਵਿ ਨਾਟਕ: ਮੂਲ ਤੋਂ ਮੁਲਾਂਕਣ ਤੱਕ) ਆਦਿ ਨਾਟ-ਆਲੋਚਕਾਂ ਨੇ ਵੀ ਨਾਟ-ਆਲੋਚਨਾ ਪੁਸਤਕਾਂ ਲਿਖੀਆਂ ਹਨ।

ਉਪਰੋਕਤ ਅਧਿਐਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਸਾਹਿਤ ਦੇ ਬਾਕੀ ਰੂਪਾਂ ਦੇ ਮੁਕਾਬਲਤਨ ਪੰਜਾਬੀ ਨਾਟਕ ਦੀ ਆਲੋਚਨਾ ਜਿੰਨੀ ਹੋਈ ਹੈ, ਉਹ ਕਾਫ਼ੀ ਨਹੀਂ। ਜ਼ਿਆਦਾਤਰ ਨਾਟ-ਆਲੋਚਨਾ ਨਾਟਕ ਦੀ ਵਿਧਾ ਨੂੰ ਲੈ ਕੇ ਹੋਈ ਹੈ; ਇਸ ਦੇ ਸਿਧਾਂਤਕ ਪੱਖ ਵੱਲ ਬਹੁਤਾ ਧਿਆਨ ਕੇਂਦ੍ਰਿਤ ਨਹੀਂ ਕੀਤਾ ਗਿਆ। ਨਾਟ-ਆਲੋਚਕ ਦੇ ਰੂਪ ਵਿਚ ਉੱਭਰਨ ਵਾਲੇ ਜ਼ਿਆਦਾਤਰ ਨਾਂ ਉਹ ਹਨ ਜੋ ਆਪ ਨਾਟ-ਅਧਿਆਪਕ, ਨਾਟਕਕਾਰ, ਨਿਰਦੇਸ਼ਕ, ਅਦਾਕਾਰ ਹਨ।

## ਸਿੱਟਾ

ਪੰਜਾਬੀ ਦੀ ਸਿਧਾਂਤਕ ਨਾਟ-ਆਲੋਚਨਾ ਦੇ ਪਸਾਰ ਸੰਬੰਧੀ ਚਰਚਾ ਕਰਨ ਉਪਰੰਤ ਕੁਝ ਗੱਲਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ, ਜੋ ਹੇਠ ਲਿਖੇ ਅਨੁਸਾਰ ਹਨ:

1. ਮੁੱਢਲੀ ਨਾਟ-ਆਲੋਚਨਾ ਆਰਟੀਕਲ, ਭੂਮਿਕਾਵਾਂ, ਮੁੱਖ-ਬੰਦਾਂ ਜਾਂ ਫਿਰ ਪ੍ਰਸਿੱਧ ਨਾਟਕਕਾਰ ਤੇ ਉਸ ਦੀਆਂ ਨਾਟ-ਲਿਖਤਾਂ ਨੂੰ ਲੈ ਕੇ ਕੀਤੀ ਜਾਂਦੀ ਸੀ। ਇਸ ਨੂੰ ਪ੍ਰਸੰਸਾਤਮਿਕ ਤਰੀਕੇ ਦੀ ਨਾਟ-ਆਲੋਚਨਾ ਵੀ ਕਿਹਾ ਜਾ ਸਕਦਾ ਹੈ।
2. ਪੰਜਾਬੀ ਨਾਟ-ਆਲੋਚਨਾ ਦੀ ਸ਼ੁਰੂਆਤ ਸੰਬੰਧੀ ਵਿਦਵਾਨਾਂ ਵਿਚ ਮਤਭੇਦ ਦੇਖਣ ਨੂੰ ਮਿਲਦੇ ਹਨ। ਜ਼ਿਆਦਾਤਰ ਵਿਦਵਾਨ ਪਹਿਲੀ ਪੁਸਤਕ ਨਾਟਕ ਰਤਨਾਕਰ (1933) ਤੋਂ ਮੰਨਦੇ ਹਨ; ਹਰਿਭਜਨ ਸਿੰਘ ਭਾਟੀਆ ਮੋਹਨ ਸਿੰਘ ਦੀਵਾਨਾ ਦੇ ਇਕਾਂਗੀ-ਸੰਗ੍ਰਹਿ ਪੰਖੜੀਆਂ (1928) ਤੋਂ ਮੰਨਦਾ ਹੈ। ਅਧਿਐਨ ਦੌਰਾਨ ਸਾਨੂੰ ਬਾਵਾ

ਬੁੱਧ ਸਿੰਘ ਦਾ ਨਾਟਕ ਮੁੰਦਰੀ ਛਲ (1927) ਮਿਲਿਆ, ਜਿਸ ਦੇ ਆਖੀਰ ਉੱਤੇ ਨਾਟਕ ਤੇ ਨਾਟ-ਸਿਧਾਂਤ ਸੰਬੰਧੀ ਲੰਮੀ-ਚੌੜੀ ਚਰਚਾ ਮਿਲਦੀ ਹੈ, ਜਿਸ ਲਈ ਲੇਖਕ ਨੇ "Encyclopaedia Britannica" ਤੇ ਨਾਟਕ ਸਾਗਰ ਪੁਸਤਕਾਂ ਦੀ ਮਦਦ ਲਈ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਦੀ ਸਿਧਾਂਤਕ ਨਾਟ-ਆਲੋਚਨਾ ਸੰਬੰਧੀ ਚਰਚਾ 1927 ਤੋਂ ਸ਼ੁਰੂ ਹੋ ਗਈ ਸੀ।

3. ਪੰਜਾਬੀ ਨਾਟਕ ਦੇ ਸਿਧਾਂਤ ਪੱਖ ਤੋਂ ਜਿਹੜੀ ਆਲੋਚਨਾ ਪ੍ਰਾਪਤ ਹੁੰਦੀ ਹੈ, ਉਸ ਦਾ ਆਧਾਰ ਭਾਰਤੀ ਅਤੇ ਪੱਛਮੀ ਨਾਟ-ਸਿਧਾਂਤ ਹੀ ਹਨ ਜਾਂ ਫਿਰ ਇਹਨਾਂ ਸਿਧਾਂਤਾਂ ਦੀ ਵਿਆਖਿਆ-ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਗਈ।

4. ਜਿਵੇਂ-ਜਿਵੇਂ ਸਮਾਂ ਬਦਲਦਾ ਜਾਂਦਾ ਹੈ, ਨਾਟ-ਆਲੋਚਨਾ ਦੇ ਖੇਤਰ ਵਿਚ ਵੀ ਤਬਦੀਲੀਆਂ ਦੇਖਣ ਨੂੰ ਮਿਲਦੀਆਂ ਹਨ। ਪਹਿਲਾਂ ਜ਼ਿਆਦਾਤਰ ਨਾਟਕ ਦੀ ਲਿਖਤ-ਪਾਠ ਦੇ ਆਧਾਰ 'ਤੇ ਆਲੋਚਨਾ ਕੀਤੀ ਜਾਂਦੀ ਰਹੀ, ਫਿਰ ਦੂਜੇ-ਤੀਜੇ ਦੌਰ ਤੱਕ ਪਹੁੰਚਦਿਆਂ ਨਾਟਕ ਦੇ ਰੰਗਮੰਚੀ ਪਾਠ ਨੂੰ ਵੀ ਆਲੋਚਨਾ ਦੇ ਘੇਰੇ ਵਿਚ ਲਿਆ ਜਾਣ ਲੱਗਾ ਪਰ ਰੰਗਮੰਚ ਤੇ ਨਾਟਕ ਨੂੰ ਵੱਖਰੇ-ਵੱਖਰੇ ਰੂਪ ਵਿਚ ਵੀ ਦੇਖਣ ਦੀ ਕੋਸ਼ਿਸ਼ ਕੀਤੀ ਗਈ।

5. ਮੁੱਢਲੀ ਨਾਟ-ਆਲੋਚਨਾ ਪੰਜਾਬੀ ਨਾਟਕਕਾਰਾਂ ਦੁਆਲੇ ਕੇਂਦ੍ਰਿਤ ਸੀ ਪਰ ਤੀਜੇ ਦੌਰ ਤੱਕ ਆਉਂਦਿਆਂ ਇਸ ਵਿਚ ਨਾਟ-ਸਿਧਾਂਤ, ਰੰਗਮੰਚ, ਨਾਟ-ਜੁਗਤਾਂ, ਨਾਟ-ਰੂਪਾਂ ਆਦਿ ਬਾਰੇ ਵੀ ਚਰਚਾ ਹੋਣੀ ਸ਼ੁਰੂ ਹੋ ਗਈ।

6. ਚੌਥੇ ਦੌਰ ਤੱਕ ਆਉਂਦਿਆਂ ਨਾਟ-ਆਲੋਚਨਾ ਵਿਚ ਪਰਿਵਰਤਨ ਦੇਖਣ ਨੂੰ ਮਿਲਦੇ ਹਨ। ਪਹਿਲਾਂ ਨਾਟਕ ਦੇ ਲਿਖਤ-ਪਾਠ ਦੇ ਮੁਕਾਬਲੇ ਨਾਟਕ ਦੇ ਮੰਚੀ-ਪਾਠ ਨੂੰ ਘੱਟ ਗੌਲਿਆ ਗਿਆ ਪਰ ਹੁਣ ਸਥਿਤੀ ਵਿਚ ਸੁਧਾਰ ਦੇਖਣ ਨੂੰ ਮਿਲ ਰਹੇ ਹਨ। ਨਾਟਕ ਅਤੇ ਰੰਗਮੰਚ ਦੇ ਸਿਧਾਂਤਕ ਪੱਖ ਤੋਂ ਨਾਟਕ ਅਤੇ ਰੰਗਮੰਚ ਦਾ ਰਿਸ਼ਤਾ, ਨਾਟਕ ਅਤੇ ਨਿਰਦੇਸ਼ਕ ਦਾ ਸੰਬੰਧ, ਲਿਖਤ-ਪਾਠ ਤੇ ਖੇਡ-ਪਾਠ, ਭਾਸ਼ਾ-ਸ਼ੈਲੀ ਤੇ ਨਾਟਕੀ ਵਿਉਂਤਾਂ, ਥੀਏਟਰੀ ਸਿਖਲਾਈ, ਨਿਰਦੇਸ਼ਨ ਨਾਲ ਸੰਬੰਧਿਤ ਮਸਲੇ, ਵੇਸ਼-ਭੂਸ਼ਾ, ਪਹਿਰਾਵਾ, ਪਿੱਠ-ਭੂਮੀ ਸੰਗੀਤ, ਦਰਸ਼ਕਾਂ ਦੀ ਅਹਿਮੀਅਤ ਆਦਿ ਸੰਬੰਧੀ ਮੁੱਲਵਾਨ ਚਿੰਤਨ ਇਸ ਦੌਰ ਵਿਚ ਦੇਖਣ ਨੂੰ ਮਿਲਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਹਰਿਭਜਨ ਸਿੰਘ ਭਾਟੀਆ, ਸੰਵਾਦ ਪੁਨਰ-ਸੰਵਾਦ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2019, ਪੰਨੇ 204–205
2. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2021, ਪੰਨਾ 19
3. भारतेन्दु युग में गद्य के अन्य अंगों के साथ-साथ, 'आलोचना' भी नया रूप धारण कर आगे बढ़ी। उसके स्वरूप और प्रकार में नये तत्त्वों का समावेश हुआ। साहित्यिक विवेचना में बौद्धिकता की प्रधानता हो गयी। उपन्यास कहानी, निबन्ध, नाटक आदि के प्रचार के साथ-साथ उनकी आलोचनाएँ भी होने लगीं। इस नवीन आलोचना के विकास में तत्काल़ीन पत्र-पत्रिकाओं का पूर्ण योगदान रहा। इनमें प्रायः कुछ नौट समालोचना के नाम से प्रकाशित होते थे।—कैलैश नाथ पाण्डेय, आलोचना का पुन:पाठ, लोकभारती प्रकाशन, इलाहाबाद, 2019, प. 61
4. ਹਰਿਭਜਨ ਸਿੰਘ ਭਾਟੀਆ, ਭਾਰਤੀ ਸਾਹਿਤ ਦੇ ਨਿਰਮਾਤਾ ਮੋਹਨ ਸਿੰਘ ਦੀਵਾਨਾ, ਸਾਹਿਤ ਅਕਾਦੇਮੀ, ਦਿੱਲੀ, 2013, ਪੰਨਾ 114
5. ਬਾਵਾ ਬੁਧ ਸਿੰਘ, ਮੁੰਦਰੀ ਛਲ, ਪ੍ਰਕਾਸ਼ਕ ਫੁਲਵਾੜੀ ਏਜੰਸੀ, ਅੰਮ੍ਰਿਤਸਰ, ਮਿਤੀਹੀਣ, ਪੰਨਾ 16
6. ਪਿਆਰਾ ਸਿੰਘ ਗਿੱਲ ਤੇ ਅਜੀਤ ਸਿੰਘ ਹੇੜੀਆ, ਨਾਟਕ ਰਤਨਾਕਰ, ਸਾਹਿਤ ਸਰੋਵਰ, ਜਲੰਧਰ, 1993, ਪੰਨਾ 21
7. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2021, ਪੰਨਾ 59
8. ਗੁਰਚਰਨ ਸਿੰਘ, ਪੰਜਾਬੀ ਨਾਟਕਕਾਰ, ਹਿੰਦ ਪਬਲਿਸ਼ਰਜ਼ ਲਿਮਿਟਿਡ, ਅੰਮ੍ਰਿਤਸਰ, 1951, ਪੰਨੇ 10–11
9. ਸੁਰਜੀਤ ਸਿੰਘ ਸੇਠੀ, ਨਾਟਕ ਕਲਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ 100
10. ਖੋਜ-ਪਤ੍ਰਿਕਾ, ਨਾਟ ਸ਼ੈਲੀਆਂ ਵਿਸ਼ੇਸ਼ ਅੰਕ 45, ਮਾਰਚ 1997, ਪੰਨਾ 39
11. ਡਾ. ਹਰਚਰਨ ਸਿੰਘ, ਨਾਟਕ ਕਲਾ ਤੇ ਮੇਰਾ ਅਨੁਭਵ, ਭਾਸ਼ਾ ਵਿਭਾਗ, ਪੰਜਾਬ, 1979, ਪੰਨਾ 210

12. ਆਤਮਜੀਤ, ਨਾਟਕ ਦਾ ਨਿਰਦੇਸ਼ਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ, ਚੰਡੀਗੜ੍ਹ, ਪੰਨਾ 53
13. ਭੂਪਾਲ ਦਾਸ, ਪੰਜਾਬੀ ਨਾਟ-ਆਲੋਚਨਾ, ਬਲਵੰਤ ਪ੍ਰਕਾਸ਼ਨ, ਜਲੰਧਰ, 1994, ਪੰਨੇ 20–21
14. ਬਲਵੰਤ ਗਾਰਗੀ, ਰੰਗਮੰਚ, ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ, 1999, ਪੰਨਾ 176
15. ਪ੍ਰੋ. ਪਿਆਰਾ ਸਿੰਘ, ਨਾਟਕ ਤੇ ਰੰਗਮੰਚ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਨਿਊ ਬੁੱਕ ਕੰਪਨੀ, ਜਲੰਧਰ, 1989, ਪੰਨਾ 22
16. ਨਗੇਂਦਰ (ਅਨੁ. ਹਰਿਭਜਨ ਸਿੰਘ), ਅਰਸਤੂ ਦਾ ਕਾਵਿ ਸ਼ਾਸਤਰ, ਐਸ. ਚੰਦ ਐਂਡ ਕੰਪਨੀ ਰਾਮਨਗਰ, ਨਵੀਂ ਦਿੱਲੀ, 1964, ਪੰਨਾ 18
17. ਰੋਸ਼ਨ ਲਾਲ ਆਹੂਜਾ, ਨਾਟ ਸ਼ਾਸਤਰ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲੁਧਿਆਣਾ, ਮਿਤੀਹੀਣ, ਪੰਨਾ 10
18. ਭਰਤਮੁਨੀ, ਨਾਟਯ ਸ਼ਾਸਤਰ, ਜੀ. ਐਨ. ਰਾਜਗੁਰੂ (ਡਾ.) (ਅਨੁ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ 302
19. ਕਮਲੇਸ਼ ਉੱਪਲ, ਪੰਜਾਬੀ ਨਾਟਕ ਅਤੇ ਰੰਗਮੰਚ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨਾ 11
20. ਸਬਿੰਦਰਜੀਤ ਸਿੰਘ ਸਾਗਰ, ਪੰਜਾਬੀ ਨਾਟਕ ਦਾ ਇਤਿਹਾਸ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1998, ਪੰਨਾ 42
21. ਸਤਨਾਮ ਸਿੰਘ, ਨਾਟਕਕਾਰ ਆਈ. ਸੀ. ਨੰਦਾ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1992, ਪੰਨਾ 1
22. ਪਾਲੀ ਭੁਪਿੰਦਰ ਸਿੰਘ, ਪੰਜਾਬੀ ਨਾਟਕ ਸਿਧਾਂਤ, ਵਿਹਾਰ ਤੇ ਮਸਲੇ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015, ਪੰਨਾ 26
23. A playwright writes for theatre, a person who writes only for reading and not for stage performances is not a playwright. J.B. Priestley, The Art of The Dramatist, Oberon Book LTD, 2005, page 3
24. ਭੂਪਾਲ ਦਾਸ, ਪੰਜਾਬੀ ਨਾਟ-ਆਲੋਚਨਾ, ਬਲਵੰਤ ਪ੍ਰਕਾਸ਼ਨ, ਜਲੰਧਰ, 1994